ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7l

International Daily Newspaper & WEB TV

awazeqaumtvpunjab@gmail.com

ਸੋਮਵਾਰ, 13 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੩੦ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਅਦਾਰਾ 'ਆਵਾਜ਼ਿ ਕੌਮ' ਵੱਲੋਂ



## ਲੋਹੜੀ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਮੁਬਾਰਕਾਂ

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 13 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੩੦ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਵਾਰਦਾਤ ਤੋਂ ਕੁਝ ਦੇਰ ਬਾਅਦ ਹੀ ਐਨਕਾਊਂਟਰ

**ਤਰਨਤਾਰਨ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਕੁਝ ਦੇਰ ਪਹਿਲਾਂ ਹਰੀਕੇ ਵਿਖੇ ਆੜ੍ਹਤੀ ਦਾ ਕਤਲ ਕਰਨ ਵਾਲੇ ਕਾਤਲਾਂ ਦਾ ਪੁਲਸ ਨਾਲ ਮੁਕਾਬਲਾ ਹੋ ਗਿਆ ਹੈ। ਇਸ ਦੌਰਾਨ ਦੋਹਾਂ ਪਾਸਿਓਂ ਫ਼ਾਇਰਿੰਗ ਹੋ ਗਈ, ਜਿਸ ਵਿਚ 2 ਬਦਮਾਸ਼ ਜ਼ਖ਼ਮੀ ਹੋ ਗਏ। ਇਸ ਦੌਰਾਨ ਭੱਜਣ ਦੀ ਕੋਸ਼ਿਸ਼ ਕਰ ਰਹੇ ਇਕ ਬਦਮਾਸ਼ ਦਾ ਪੈਰ ਵੀ ਫਰੈਕਚਰ ਹੋ ਗਿਆ। ਜ਼ਖ਼ਮੀ ਨੂੰ ਇਲਾਜ ਲੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਵੱਲੋਂ ਕਤਲ ਕਰਨ ਵਾਲੇ ਦੋ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਾਣਕਾਰੀ ਮੁਤਾਬਕ ਥਾਣਾ ਹਰੀਕੇ ਦੀ ਪੁਲਸ ਵੱਲੋਂ ਆੜ੍ਹਤੀ ਉੱਪਰ ਹਮਲਾ ਕਰਨ ਵਾਲੇ ਮੁਲਜ਼ਮਾਂ ਦਾ ਪਿੱਛਾ ਕੀਤਾ ਗਿਆ। ਇਸ ਦੌਰਾਨ ਮੋਟਰਸਾਈਕਲ ਉੱਪਰ ਸਵਾਰ 2 ਮੁਲਜ਼ਮ ਜਦੋਂ ਪਿੰਡ ਠੱਠੀਆਂ ਮਹੰਤਾਂ ਵਿਖੇ ਪੁੱਜੇ ਤਾਂ ਪਹਿਲਾਂ ਤੋਂ ਹੀ ਇਨ੍ਹਾਂ ਦਾ ਇੰਤਜ਼ਾਰ ਕਾਰ ਉੱਪਰ ਸਵਾਰ ਸਾਥੀ ਕਰ ਰਿਹਾ ਸੀ। ਮੋਟਰਸਾਈਕਲ ਨੂੰ ਰਸਤੇ ਉੱਪਰ ਸੁੱਟ ਤਿੰਨੇ ਕਾਰ ਦੀ ਮਦਦ ਨਾਲ ਮੌਕੇ ਤੋਂ ਫਰਾਰ ਹੋ ਗਏ। ਜਦੋਂ ਤਿੰਨ੍ਹਾਂ ਮੁਲਜ਼ਮਾਂ ਦੀ ਕਾਰ ਪਿੰਡ ਅਲੀਪੁਰ ਵਿਖੇ ਪੁੱਜੀ ਤਾਂ ਅੱਗੇ ਰਸਤਾ ਬੰਦ ਹੋਣ ਦੇ ਚਲਦਿਆਂ ਮੁਲਜ਼ਮ ਖੇਤਾਂ ਵਿਚ ਫਰਾਰ ਹੋ ਗਏ। ਜਦੋਂ ਪੁਲਸ ਵੱਲੋਂ ਇਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਮੁਲਜ਼ਮਾਂ ਵੱਲੋਂ ਪੁਲਸ ਉੱਪਰ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਪੁਲਸ ਵੱਲੋਂ ਕੀਤੀ ਗਈ ਫਾਇਰਿੰਗ ਦੌਰਾਨ ਦੋ ਮੁਲਜ਼ਮ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਭੱਜਦੇ ਸਮੇਂ ਇਕ ਦਾ ਪੈਰ ਫਰੈਕਚਰ ਹੋ ਗਿਆ। ਜਦਕਿ ਤੀਸਰਾ ਮੌਕੇ ਤੋਂ ਫਰਾਰ ਹੋ ਗਿਆ। ਇਸ ਸਾਰੇ ਮਾਮਲੇ ਨੂੰ ਥਾਣਾ ਹਰੀਕੇ ਦੇ ਮੁਖੀ ਇੰਸਪੈਕਟਰ ਰਣਜੀਤ ਸਿੰਘ ਵੱਲੋਂ ਅੰਜਾਮ ਦਿੱਤਾ ਗਿਆ ਹੈ।

### ਕਿਸਾਨਾਂ ਦੇ ਵਧਣ ਲੱਗੇ ਕਾਫ਼ਲੇ, ਡੱਲੇਵਾਲ ਦੀ ਹਾਲਤ ਨਾਜ਼ੁਕ, ਸਰਕਾਰ ਦੀ ਵਧੀ ਟੈਂਸ਼ਨ !

# ਅਭੇਦ ਕਿਲ੍ਹੇ ਵਿੱਚ ਤਬਦੀਲ ਹੋਇਆ ਖਨੌਰੀ ਬਾਰਡਰ

**ਪਟਿਆਲਾ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਾਰੀਆਂ ਫਸਲਾਂ ’ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਦੀ ਮੰਗ ਨੂੰ ਲੈ ਕੇ ਖਨੌਰੀ ਸਰਹੱਦ ’ਤੇ 47 ਦਿਨਾਂ ਤੋਂ ਭੁੱਖ ਹੜਤਾਲ ’ਤੇ ਜ਼ਿੰਦਗੀ ਅਤੇ ਮੌਤ ਵਿਚਕਾਰ ਜੂਝ ਰਹੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਹੁਣ ਸਰਕਾਰ ਅੱਗੇ ਸ਼ਹਾਦਤ ਦੇਣ ਦੀ ਜ਼ਿੱਦ ਫੜ੍ਹ ਲਈ ਹੈ। ਹੱਡ ਠਾਰਵੀਂ ਠੰਢ ਵਿੱਚ ਹਜ਼ਾਰਾਂ ਕਿਸਾਨ ਖਨੌਰੀ ਸਰਹੱਦ ’ਤੇ ਇਕੱਠੇ ਹੋਏ ਹਨ। ਕਿਸਾਨਾਂ ਦੀ ਇਸ ਲਹਿਰ ਵਿੱਚ ਨਵੀਂ ਨੌਜਵਾਨ ਪੀੜ੍ਹੀ ਵੀ ਵਧ ਚੜ੍ਹ ਕੇ ਸ਼ਾਮਲ ਹੋ ਰਹੀ ਹੈ। ਇਸ ਹਿੰਮਤ, ਵਿਚਾਰਧਾਰਾ ਅਤੇ ਕੁਰਬਾਨੀ ਦੇ ਇਰਾਦੇ ਨੂੰ ਦੇਖ ਕੇ ਕੋਈ ਵੀ ਆਸਾਨੀ ਨਾਲ ਕਹਿ ਸਕਦਾ ਹੈ ਕਿ ਇਹ ਲਹਿਰ ਇੱਥੇ ਹੀ ਨਹੀਂ ਰੁਕਣ ਵਾਲੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਆਲੇ-ਦੁਆਲੇ ਦੇ ਹੋਰ ਭਰੋਸੇਮੰਦ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਡੱਲੇਵਾਲ ਆਪਣੇ ਆਖਰੀ ਸਾਹ ਤੱਕ ਜ਼ਫਰਨਾਮਾ ਦੀ ਉਡੀਕ ਕਰਨਗੇ। ਕਿਸਾਨ ਆਗੂ ਬਲਦੇਵ ਸਿੰਘ ਸਿਰਸਾ



ਨੇ ਕਿਹਾ ਕਿ ਜ਼ਫ਼ਰਨਾਮਾ ਨੂੰ ’ਜਿੱਤ ਦਾ ਪੱਤਰ’ ਕਿਹਾ ਜਾਂਦਾ ਹੈ। ਜਦੋਂ ਤੱਕ ਕੇਂਦਰ ਸਰਕਾਰ ਕਿਸਾਨ ਸੰਗਠਨਾਂ ਨੂੰ ਦਿੱਲੀ ਬੁਲਾ ਕੇ ਐਮਐਸਪੀ ਦੀ ਕਾਨੂੰਨੀ ਗਰੰਟੀ ਦੀ ਮੰਗ ਸੁਣਨ ਲਈ ਜ਼ਫਰਨਾਮਾ ਨਹੀਂ ਭੇਜਦੀ, ਕਿਸਾਨ ਆਗੂ ਡੱਲੇਵਾਲ ਦੀ ਭੁੱਖ ਹੜਤਾਲ ਜਾਰੀ ਰਹੇਗੀ। ਕਿਸਾਨ ਅੰਦੋਲਨ ਦੀ ਜ਼ਮੀਨੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਰੇ ਕਿਸਾਨ ਸੰਗਠਨਾਂ ਦੇ ਮੋਰਚੇ ਕੋਲ ਖਨੌਰੀ ਸਰਹੱਦ ’ਤੇ ਚੱਲ ਰਹੇ ਅੰਦੋਲਨ ਲਈ ਅਗਲੇ ਇੱਕ ਸਾਲ ਲਈ ਰਾਸ਼ਨ ਹੈ। ਕਿਸਾਨਾਂ ਦੀ ਸਿਹਤ ਦਾ ਧਿਆਨ ਰੱਖਣ ਲਈ ਉੱਚ-ਤਕਨੀਕੀ ਨਿੱਜੀ ਹਸਪਤਾਲ ਤੇ ਐਸੋਸੀਏਸ਼ਨ ਦੀਆਂ ਐਂਬੂਲੈਂਸ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਡਾਕਟਰਾਂ ਅਤੇ ਮੈਡੀਕਲ ਟੀਮਾਂ ਨੇ ਕੈਂਪ ਲਗਾਏ ਹਨ ਅਤੇ ਦਵਾਈਆਂ ਪ੍ਰਦਾਨ ਕਰਨ ਲਈ ਅਸਥਾਈ ਕੈਮਿਸਟ ਹਨ। ਜਿਵੇਂ ਹੀ ਖਨੌਰੀ ਸਰਹੱਦ ’ਤੇ ਕਿਸਾਨ ਆਗੂ ਡੱਲੇਵਾਲ ਦੀ ਭੁੱਖ ਹੜਤਾਲ ਨੂੰ SKM ਦਾ ਸਮਰਥਨ ਮਿਲਿਆ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨ ਸਮੂਹ ਮੋਰਚੇ ਵੱਲ ਮੁੜ ਗਏ ਹਨ। ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀਆਂ ਬਹੁਤ ਸਾਰੀਆਂ ਐਸੋਸੀਏਸ਼ਨਾਂ ਆਪਣਾ ਸਮਰਥਨ ਅਤੇ ਸਹਿਯੋਗ ਵਧਾਉਣ ਲਈ ਪਹੁੰਚ ਰਹੀਆਂ ਹਨ।

## ਖਨੌਰੀ ਸਰਹੱਦ ’ਤੇ ਪ੍ਰਦਰਸ਼ਨ ਕਰ ਰਹੇ ਕਿਸਾਨ ਦੀ ਮੌਤ, 10 ਮਹੀਨਿਆਂ ਤੋਂ ਅੰਦੋਲਨ ’ਚ ਸੀ ਸ਼ਾਮਲ, ਸਰਹੱਦ ’ਤੇ ਦਿੱਤੀ ਜਾਵੇਗੀ ਸ਼ਰਧਾਂਜਲੀ

**ਪਟਿਆਲਾ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ-ਪੰਜਾਬ ਦੀ ਖਨੌਰੀ ਸਰਹੱਦ ’ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਕੀਤੀ ਗਈ ਭੁੱਖ ਹੜਤਾਲ 48ਵੇਂ ਦਿਨ ਵੀ ਜਾਰੀ ਹੈ। ਐਤਵਾਰ ਨੂੰ ਖਨੌਰੀ ਸਰਹੱਦ ’ਤੇ 10 ਮਹੀਨਿਆਂ ਤੋਂ ਪ੍ਰਦਰਸ਼ਨ ਕਰ ਰਹੇ ਇੱਕ ਕਿਸਾਨ ਦੀ ਮੌਤ ਹੋ ਗਈ। ਉਨ੍ਹਾਂ ਨੇ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਆਖਰੀ ਸਾਹ ਲਿਆ। ਹਾਲ ਹੀ ਵਿੱਚ ਉਨ੍ਹਾਂ ਦੀ ਸਿਹਤ ਵਿਗੜਨ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਮ੍ਰਿਤਕ ਕਿਸਾਨ ਦੀ ਪਛਾਣ ਜੱਗਾ ਸਿੰਘ (80) ਵਾਸੀ ਫਰੀਦਕੋਟ ਵਜੋਂ ਹੋਈ ਹੈ। ਉਸਦੇ 5 ਪੁੱਤਰ ਤੇ ਇੱਕ ਧੀ ਹੈ। ਅੱਜ ਉਨ੍ਹਾਂ ਨੂੰ ਖਨੌਰੀ ਸਰਹੱਦ ’ਤੇ ਸ਼ਰਧਾਂਜਲੀ ਦਿੱਤੀ ਜਾਵੇਗੀ। ਇਸ ਤੋਂ ਬਾਅਦ ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਗੋਦਾਰਾ ਵਿੱਚ ਕੀਤਾ ਜਾਵੇਗਾ। ਇਸ ਤੋਂ ਪਹਿਲਾਂ, 9 ਜਨਵਰੀ ਨੂੰ, ਸ਼ੰਭੂ ਸਰਹੱਦ ’ਤੇ ਇੱਕ ਕਿਸਾਨ ਨੇ ਸਲਫਾਸ ਨਿਗਲ ਕੇ ਖੁਦਕੁਸ਼ੀ ਕਰ ਲਈ ਸੀ। ਮ੍ਰਿਤਕ ਦੀ ਪਛਾਣ ਰੇਸ਼ਮ ਸਿੰਘ (55)



ਵਜੋਂ ਹੋਈ ਹੈ, ਜੋ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਪਹੂਵਿੰਡ ਦਾ ਰਹਿਣ ਵਾਲਾ ਸੀ। ਉਸਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਰੇਸ਼ਮ ਸਿੰਘ ਨੇ ਇੱਕ ਸੁਸਾਈਡ ਨੋਟ ਲਿਖਿਆ ਸੀ ਜਿਸ ਵਿੱਚ ਉਸਨੇ ਲਿਖਿਆ- ‘ਮੈਂ ਰੇਸ਼ਮ ਸਿੰਘ ਤਰਨਤਾਰਨ ਦਾ ਰਹਿਣ ਵਾਲਾ।’ ਮੈਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦਾ ਮੈਂਬਰ ਹਾਂ। ਮੇਰਾ ਮੰਨਣਾ ਹੈ ਕਿ ਮੋਦੀ ਸਰਕਾਰ ਤੇ ਪੰਜਾਬ ਸਰਕਾਰ ਨੂੰ ਜਗਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਦੀ ਲੋੜ ਹੈ। ਇਸ ਲਈ ਸਭ ਤੋਂ ਪਹਿਲਾਂ ਮੈਂ ਆਪਣੀ ਜਾਨ ਦੇਣ ਦੀ ਕੋਸ਼ਿਸ਼ ਕਰਦਾ ਹਾਂ। ਡੱਲੇਵਾਲ ਸਾਹਿਬ ਨੂੰ ਦੇਖਦੇ ਹੋਏ, ਮੈਂ ਆਪਣੀ ਜਾਨ ਕੁਰਬਾਨ ਕਰਦਾ ਹਾਂ।

## ਸਵਾਰੀਆਂ ਨਾਲ ਭਰੀ ਬੱਸ ਦਾ ਸਟੇਅਰਿੰਗ ਹੋਇਆ ਫੇਲ੍ਹ, ਦਰਖਤਾਂ ਨੂੰ ਤੋੜਦੀ ਗਈ ਬੱਸ, ਉੱਡੇ ਪਰਖੱਚੇ




**ਤਰਨਤਾਰਨ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-2 ਦਰਜਨ ਸਵਾਰੀਆਂ ਨੂੰ ਲਿਜਾ ਰਹੀ ਬੱਸ ਉਸ ਵੇਲੇ ਆਊਟ ਆਫ ਕੰਟਰੋਲ ਹੋ ਗਈ, ਜਦੋਂ ਉਸ ਦਾ ਸਟੇਅਰਿੰਗ ਫੇਲ ਹੋ ਗਿਆ। ਤੇਜ਼ ਰਫਤਾਰ ਬੱਸ ਸੜਕ ਕਿਨਾਰੇ ਲੱਗੇ ਰੁੱਖਾਂ ਨਾਲ ਟਕਰਾਉਂਦੀ ਹੋਈ ਖੇਤਾਂ ਵਿਚ ਜਾ ਵੜੀ, ਜਿਸ ਕਾਰਨ ਬੱਸ ਵਿਚ ਸਵਾਰ ਕਰੀਬ 2 ਦਰਜਨ ਸਵਾਰੀਆਂ ਮਾਮੂਲੀ ਜ਼ਖਮੀ ਹੋ ਗਈਆਂ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਤਰਨਤਾਰਨ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਜਾਣਕਾਰੀ ਅਨੁਸਾਰ ਪੱਟੀ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਈ ਨਿੱਜੀ ਬੱਸ ਜਦੋਂ ਤਰਨਤਾਰਨ ਤੋਂ ਹੁੰਦੀ ਹੋਈ ਪੁਰਾਣੇ ਅੰਮ੍ਰਿਤਸਰ ਰੋਡ ਰਾਹੀਂ ਰਵਾਨਾ ਹੋ ਗਈ, ਉਦੋਂ ਨਜ਼ਦੀਕ ਪਿੰਡ ਬਾਲੇ ਚੱਕ ਵਿਖੇ ਬੱਸ ਚਾਲਕ ਨੂੰ ਲੱਗਾ ਕਿ ਸਟੇਅਰਿੰਗ ਕੰਮ ਨਹੀਂ ਕਰ ਰਿਹਾ, ਜਿਸ ਨੇ ਆਪਣੀ ਸਿਆਣਪ ਨੂੰ ਵਰਤਦਿਆਂ ਬੱਸ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਬੱਸ ਤੇਜ਼ ਹੋਣ ਕਾਰਨ ਰੁਕਣੀ ਮੁਸ਼ਿਕਲ ਸੀ। ਇਸ ਦੌਰਾਨ ਬੱਸ ਸੜਕ ਕਿਨਾਰੇ ਲੱਗੇ ਰੁੱਖਾਂ ਨਾਲ ਟਕਰਾਉਂਦੀ ਹੋਈ ਖੇਤਾਂ ਵਿਚ ਜਾ ਵੜੀ। ਬੱਸ ਵਿਚ ਸਵਾਰ ਕਰੀਬ 22 ਸਵਾਰੀਆਂ ਦੇ ਮਾਮੂਲੀ ਸੱਟਾਂ ਲੱਗਣ ਤੋਂ ਬਾਅਦ ਉਨ੍ਹਾਂ ਨੂੰ ਸਿਵਲ ਹਸਪਤਾਲ ਤਰਨਤਾਰਨ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ, ਜਿੱਥੇ ਡਾਕਟਰਾਂ ਵੱਲੋਂ ਉਨ੍ਹਾਂ ਨੂੰ ਬਾਅਦ ਵਿਚ ਛੁੱਟੀ ਵੀ ਦੇ ਦਿੱਤੀ ਗਈ। ਇਸ ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਸੜਕ ਸੁਰੱਖਿਆ ਫੋਰਸ ਦੀ ਟੀਮ ਅਤੇ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਵੀ ਮੌਕੇ ’ਤੇ ਪੁੱਜ ਗਈ, ਜਿਨ੍ਹਾਂ ਵੱਲੋਂ ਬੱਸ ਵਿਚ ਸਵਾਰ ਸਵਾਰੀਆਂ ਨੂੰ ਬਾਹਰ ਕੱਢਦੇ ਹੋਏ ਉਨ੍ਹਾਂ ਦੀ ਮਦਦ ਕੀਤੀ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਸਿਟੀ ਕਮਲ ਮੀਤ ਸਿੰਘ ਨੇ ਦੱਸਿਆ ਕਿ ਨਿੱਜੀ ਬੱਸ ਦਾ ਸਟੇਅਰਿੰਗ ਕੰਮ ਨਾ ਕਰਨ ਕਰ ਕੇ ਇਹ ਹਾਦਸਾ ਹੋਇਆ ਹੈ, ਜਿਸ ਵਿਚ ਕੁਝ ਸਵਾਰੀਆਂ ਨੂੰ ਮਾਮੂਲੀ ਸੱਟਾਂ ਲੱਗੀਆਂ।

## ਲਾਸ ਏਂਜਲਸ ਦੀ ਭਿਆਨਕ ਅੱਗ ਕਾਰਨ ਅਮਰੀਕੀ ਬੀਮਾ ਕੰਪਨੀਆਂ ਹੋ ਜਾਣਗੀਆਂ ਕੰਗਾਲ ! ਦੇਣੇ ਪੈਣਗੇ ਅਰਬਾਂ ਰੁਪਏ

**ਵਾਸ਼ਿੰਗਟਨ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਲਾਸ ਏਂਜਲਸ ਵਿੱਚ ਲੱਗੀ ਅੱਗ ਵਿੱਚ ਕਰੋੜਾਂ ਰੁਪਏ ਦੇ ਨੁਕਸਾਨ ਕਾਰਨ ਬੀਮਾ ਕੰਪਨੀਆਂ ਦੀਵਾਲੀਆ ਹੋ ਸਕਦੀਆਂ ਹਨ। ਬੀਮਾ ਕੰਪਨੀਆਂ ਨੂੰ ਡਰ ਹੈ ਕਿ ਉਹ ਨੁਕਸਾਨ ਦੀ ਭਰਪਾਈ ਕਿਵੇਂ ਕਰਨਗੇ। ਇਸ ਅੱਗ ’ਚ ਕਈ ਮਸ਼ਹੂਰ ਹਸਤੀਆਂ ਦੇ ਕਰੋੜਾਂ ਰੁਪਏ ਦੇ ਘਰ ਸੜ ਕੇ ਸੁਆਹ ਹੋ ਗਏ, ਇਨ੍ਹਾਂ ’ਚੋਂ ਜ਼ਿਆਦਾਤਰ ਜਾਇਦਾਦਾਂ ਦਾ ਬੀਮਾ ਸੀ, ਇਸ ਲਈ ਬੀਮਾ ਕੰਪਨੀਆਂ ਨੂੰ ਉਸ ਨੁਕਸਾਨ ਦੀ ਭਰਪਾਈ ਕਰਨੀ ਪਵੇਗੀ। ਅੱਗ ਦੀ ਮਾਰ ਹੇਠ ਆਉਣ ਵਾਲੀਆਂ ਜਾਇਦਾਦਾਂ ਦੀ ਕੀਮਤ ਬਹੁਤ ਜ਼ਿਆਦਾ ਹੈ। ਇਸ ਅੱਗ ਕਾਰਨ ਕਰੀਬ ਅੱਠ ਅਰਬ ਡਾਲਰ ਦੀ ਬੀਮੇ ਦੀ ਜਾਇਦਾਦ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ। ਲਾਸ ਏਂਜਲਸ ਵਿੱਚ ਚੱਲ ਰਹੀ ਜੰਗਲ ਦੀ ਅੱਗ ਨੇ ਪੂਰੇ ਸ਼ਹਿਰ ਨੂੰ ਹਿਲਾ



ਕੇ ਰੱਖ ਦਿੱਤਾ ਹੈ। ਇਸ ਤਬਾਹੀ ਵਿੱਚ ਹੁਣ ਤੱਕ ਘੱਟੋ-ਘੱਟ 11 ਲੋਕਾਂ ਦੀ ਜਾਨ ਜਾ ਚੁੱਕੀ ਹੈ ਅਤੇ ਸੈਂਕੜੇ ਇਮਾਰਤਾਂ ਸੜ ਕੇ ਸੁਆਹ ਹੋ ਗਈਆਂ ਹਨ। ਲੱਖਾਂ ਲੋਕ ਬੇਘਰ ਹੋ ਗਏ ਹਨ ਅਤੇ ਲੱਖਾਂ ਲੋਕ ਆਪਣੀ ਜਾਨ ਦੀ ਸੁਰੱਖਿਆ ਲਈ ਆਪਣੇ ਘਰ ਛੱਡਣ ਲਈ ਮਜਬੂਰ ਹੋ ਗਏ ਹਨ। ਇਸ ਭਿਆਨਕ ਅੱਗ ਨੂੰ ਬੁਝਾਉਣ ਲਈ ਹਜ਼ਾਰਾਂ ਫਾਇਰ ਫਾਈਟਰਜ਼ ਦਿਨ-ਰਾਤ ਕੰਮ ਕਰ ਰਹੇ ਹਨ, ਪਰ ਅਜੇ ਤੱਕ ਮੁੱਖ ਅੱਗ ’ਤੇ ਕਾਬੂ ਨਹੀਂ ਪਾਇਆ ਜਾ ਸਕਿਆ ਹੈ। ਲਾਸ ਏਂਜਲਸ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਬਹੁਤ ਖੁਸ਼ਕ ਮੌਸਮ ਦਾ ਅਨੁਭਵ ਕੀਤਾ ਹੈ। ਡਾਊਨਟਾਊਨ ਲਾਸ ਏਂਜਲਸ ਵਿੱਚ ਅਕਤੂਬਰ ਤੋਂ ਲੈ ਕੇ ਹੁਣ ਤੱਕ ਸਿਰਫ਼ 0.16 ਇੰਚ ਮੀਂਹ ਹੀ ਪਿਆ ਹੈ, ਜਿਸ ਨਾਲ ਪੂਰਾ ਇਲਾਕਾ ਸੁੱਕਾ ਰਹਿ ਗਿਆ ਹੈ। ਇਸ ਤੋਂ ਇਲਾਵਾ, ਇਕ ਹੋਰ ਪ੍ਰਮੁੱਖ ਕਾਰਕ “ਸਾਂਤਾ ਅਨਾ ਹਵਾਵਾਂ” ਹੈ, ਜੋ ਦੱਖਣੀ ਕੈਲੀਫੋਰਨੀਆ ਦੇ ਪਹਾੜਾਂ ਤੋਂ ਵਗਦੀਆਂ ਹਨ। ਇਹ ਹਵਾਵਾਂ ਹਵਾ ਦੀ ਰਫ਼ਤਾਰ ਨੂੰ ਵਧਾ ਦਿੰਦੀਆਂ ਹਨ ਅਤੇ ਜ਼ਮੀਨ ’ਤੇ ਸੁੱਕੇ ਘਾਹ ਅਤੇ ਪੌਦਿਆਂ ਨੂੰ ਹੋਰ ਵੀ ਸੁੱਕਾ ਦਿੰਦੀਆਂ ਹਨ। ਜਦੋਂ ਅੱਗ ਲੱਗ ਜਾਂਦੀ ਹੈ, ਤਾਂ ਇਹ ਹਵਾਵਾਂ ਅੱਗ ਨੂੰ ਫੈਲਾਉਣ ਵਿੱਚ ਮਦਦ ਕਰਦੀਆਂ ਹਨ ਅਤੇ ਮਿੰਟਾਂ ਵਿੱਚ ਇੱਕ ਛੋਟੀ ਜਿਹੀ ਕਰਸਟ ਵੀ ਇੱਕ ਵੱਡੀ ਲਾਟ ਵਿੱਚ ਬਦਲ ਜਾਂਦੀ ਹੈ। ਇਸ ਅੱਗ ਕਾਰਨ ਹੁਣ ਤੱਕ 10,000 ਤੋਂ ਵੱਧ ਇਮਾਰਤਾਂ ਤਬਾਹ ਹੋ ਚੁੱਕੀਆਂ ਹਨ। ਇਸ ਅੱਗ ਨੂੰ ਹੁਣ ਤੱਕ ਦੀ ਸਭ ਤੋਂ ਵਿਨਾਸ਼ਕਾਰੀ ਅੱਗ ਮੰਨਿਆ ਜਾ ਰਿਹਾ ਹੈ, ਜਿਸ ਨੇ ਲਾਸ ਏਂਜਲਸ ਦੀ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਅੰਦਾਜ਼ਾ ਹੈ ਕਿ ਇਸ ਨੁਕਸਾਨ ਦੀ ਕੁੱਲ ਰਕਮ 8 ਅਰਬ ਡਾਲਰ ਤੋਂ ਵੱਧ ਹੋ ਸਕਦੀ ਹੈ। ਹੁਣ ਤੱਕ ਦੀਆਂ ਰਿਪੋਰਟਾਂ ਅਨੁਸਾਰ ਇਸ ਤਬਾਹੀ ਕਾਰਨ ਲਗਭਗ 153,000 ਲੋਕ ਆਪਣੇ ਘਰ ਛੱਡ ਕੇ ਜਾ ਚੁੱਕੇ ਹਨ, ਜਦੋਂ ਕਿ 166,000 ਹੋਰ ਲੋਕ ਜਲਦੀ ਹੀ ਆਪਣੇ ਘਰਾਂ ਤੋਂ ਬਾਹਰ ਜਾਣ ਦੀ ਤਿਆਰੀ ਕਰ ਰਹੇ ਹਨ। ਬਹੁਤ ਸਾਰੇ ਲੋਕ ਸਿਰਫ ਆਪਣੀਆਂ ਜ਼ਰੂਰੀ ਚੀਜ਼ਾਂ ਨੂੰ ਲੈ ਕੇ ਆਪਣੇ ਘਰ ਛੱਡਣ ਲਈ ਮਜਬੂਰ ਹੋਏ ਹਨ। ਇਸ ਤੋਂ ਇਲਾਵਾ ਇਲਾਕਿਆਂ ਵਿਚ ਲੁੱਟ-ਖੋਹ ਦੀਆਂ ਘਟਨਾਵਾਂ ਨੂੰ ਰੋਕਣ ਲਈ ਕਰਫਿਊ ਲਗਾਇਆ ਗਿਆ ਹੈ ਅਤੇ ਨੈਸ਼ਨਲ ਗਾਰਡ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਹੈ।


## ਸਰਕਾਰੀ ਬੈਂਕ ਦੇ ਕੈਸ਼ੀਅਰ ਨੇ ਹੀ ਬੈਂਕ ’ਚ ਮਾਰੀ ਵੱਡੀ ਠੱਗੀ, ਲੋਕਾਂ ਨੂੰ ਲੁੱਟ ਕੇ ਨੌਕਰੀ ਛੱਡ ਹੋਇਆ ਫਰਾਰ



**ਗੁਰਦਾਸਪੁਰ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਾਦੀਆਂ ਦੇ ਰੇਲਵੇ ਰੋਡ ’ਚ ਸਥਿਤ ਬੜੌਦਾ ਬੈਂਕ ਦੇ ਕੈਸ਼ੀਅਰ ਤੇ ਕੁਝ ਲੋਕਾਂ ਵੱਲੋਂ ਉਨ੍ਹਾਂ ਦੇ ਕਰੋੜਾਂ ਰੁਪਏ ਹੜਪਨ ਦਾ ਦੋਸ਼ ਲਗਾਇਆ ਜਾ ਰਿਹਾ ਹੈ। ਦੂਜੇ ਪਾਸੇ ਬੈਂਕ ਦਾ ਕਹਿਣਾ ਹੈ ਕਿ ਕੈਸ਼ੀਅਰ ਨੌਕਰੀ ਛੱਡ ਕੇ ਫਰਾਰ ਹੋ ਚੁੱਕਿਆ ਹੈ ਜਦਕਿ ਪਿੰਡ ਵਿੱਚ ਰਹਿ ਰਹੇ ਕੈਸ਼ੀਅਰ ਦੇ ਪਿਓ ਦਾ ਕਹਿਣਾ ਹੈ ਕਿ ਸਾਨੂੰ ਉਸ ਦੇ ਫਰਾਡ ਬਾਰੇ ਕੋਈ ਜਾਣਕਾਰੀ ਨਹੀਂ ਹੈ, ਉਸ ਨੂੰ ਬੇਦਖਲ ਕਰ ਦਿੱਤਾ ਗਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਕੈਸ਼ੀਅਰ ਨੇ ਇਹ ਪੈਸੇ ਸ਼ਾਇਦ ਗੈਬਲਿੰਗ ਵਿੱਚ ਉਡਾ ਦਿੱਤੇ ਹਨ। ਕੈਸ਼ੀਅਰ ਦੀ ਠੱਗੀ ਦਾ ਸ਼ਿਕਾਰ ਹੋਏ ਲੋਕਾਂ ਰੂਹੀ ,ਕੁਲਦੀਪ ਕੌਰ ਅਤੇ ਰਜੇਸ਼ ਕੁਮਾਰ ਅਨੁਸਾਰ ਕੈਸ਼ੀਅਰ ਤਲਜਿੰਦਰ ਸਿੰਘ ਜੋ ਕਿ ਲੋਕਾਂ ਦੇ ਪੈਸੇ ਲੈ ਲੈਂਦਾ ਸੀ ਪਰ ਉਹਨਾਂ ਦੇ ਖਾਤੇ ਵਿੱਚ ਜਮਾਂ ਨਹੀਂ ਕਰਵਾਉਂਦਾ ਸੀ। ਜਦੋਂ ਲੋਕਾਂ ਨੂੰ ਮੈਸੇਜ ਨਹੀਂ ਸੀ ਆਇਆ ਤਾਂ ਉਹ ਬੈਂਕ ਨਾਲ ਸੰਪਰਕ ਕਰਦੇ ਸੀ ਤਾਂ ਉਸ ਦਾ ਜਵਾਬ ਹੁੰਦਾ ਸੀ ਕਿ ਉਨ੍ਹਾਂ ਦੇ ਨਾਂ ’ਤੇ ਐੱਫ. ਡੀ. ਕਰਵਾ ਦਿੱਤੀ ਗਈ ਹੈ। ਜਦੋਂ ਸ਼ਿਕਾਇਤਾਂ ਜ਼ਿਆਦਾ ਆਉਣ ਲੱਗ ਪਈਆਂ ਤਾਂ ਜਾਂਚ ਕਰਨ ਤੋਂ ਬਾਅਦ ਪਤਾ ਲੱਗਾ ਕਿ ਕੈਸ਼ੀਅਰ ਪੈਸੇ ਤਾਂ ਲੈ ਲੈਂਦਾ ਸੀ ਪਰ ਉਨ੍ਹਾਂ ਦੇ ਖਾਤੇ ਵਿੱਚ ਪੈਸੇ ਨਹੀਂ ਜਮਾਂ ਕਰਵਾਉਂਦਾ ਸੀ। ਇਸ ਠੱਗੀ ਦਾ ਸ਼ਿਕਾਰ ਕਈ ਗਰੀਬ ਲੋਕ ਵੀ ਹੋਏ ਜਿਨ੍ਹਾਂ ਨੇ ਅੱਜ ਬੈਂਕ ਦੇ ਬਾਹਰ ਖੜ੍ਹੇ ਹੋ ਕੇ ਰੋਸ ਕੀਤਾ ਅਤੇ ਕਿਹਾ ਕਿ ਸਾਨੂੰ ਸਾਡੀ ਮਿਹਨਤ ਦੀ ਕਮਾਈ ਦੇ ਪੈਸੇ ਵਾਪਸ ਦਵਾਏ ਜਾਣ। ਦੂਜੇ ਪਾਸੇ ਕੈਸ਼ੀਅਰ ਦੇ ਪਿਤਾ ਬਲਦੇਵ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਆਪ ਵੀ 32 ਸਾਲ ਨੌਕਰੀ ਕੀਤੀ ਹੈ ਅਤੇ ਆਪਣੀ ਪੈਨਸ਼ਨ ਨਾਲ ਆਪਣਾ ਅਤੇ ਆਪਣੀ ਪਤਨੀ ਦਾ ਗੁਜ਼ਾਰਾ ਕਰ ਰਿਹਾ ਹੈ ਉਹਨਾਂ ਨੂੰ ਆਪਣੇ ਪੁੱਤਰ ਦੇ ਫਰੋਡ ਬਾਰੇ ਕੋਈ ਜਾਣਕਾਰੀ ਨਹੀਂ ਹੈ ਤੇ ਨਾ ਹੀ ਉਸ ਨਾਲ ਕੋਈ ਰਿਸ਼ਤਾ ਹੈ। ਪੀੜਤ ਲੋਕਾਂ ਅਨੁਸਾਰ ਇਸ ਸਬੰਧੀ ਐੱਸਐੱਸਪੀ ਬਟਾਲਾ ਨੂੰ ਸ਼ਿਕਾਇਤ ਵੀ ਦਿੱਤੀ ਗਈ ਹੈ।

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛੱਕੋ — Naam Japo Kirat Karo Vand Shako

ਦਮਦਮੀ ਟਕਸਾਲ — ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ


ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ ’ਤੇ ਵਿਚਾਰ ਨਹੀਂ ਕੀਤਾ ਜਾਵੇਗਾ। **-ਸੰਪਾਦਕ**


ਤੇਰੇ ਜਨ ਪਰਉਪਕਾਰੀ ਆਏ

## ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

## 100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ


## 51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥




# ਮਹਾਨ ਸ਼ਹੀਦੀ ਸਮਾਗਮ

## 19 ਜਨਵਰੀ, 2025 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ ਮੁਕਤਸਰ ਦੇ 40 ਮੁਕਤੇ ਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰੇਕ ਸਾਲ ਦੀ ਤਰਾਂ ਸ਼ਹੀਦੀ ਸਮਾਗਮ ਹੋ ਰਿਹਾ ਹੈ । ਸਾਰੀਆਂ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਸਭ ਨੇ ਪਰਿਵਾਰ ਸਮੇਤ ਪਹਉਚਣ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

--★ ਪ੍ਰੋਗਰਾਮ ★--

19 ਜਨਵਰੀ 2025 ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਦਾ ਸਵੇਰੇ 10 ਵਜੇ

ਸ਼ਬਦ ਕੀਰਤਨ ,ਕਥਾ ਅਤੇ ਢਾਡੀ ਜਥਾ ਪ੍ਰਸੰਗ ਸੁਣਾਵੇਗਾ

ਆਪ ਜੀ ਦਾ ਸਵਾਗਤ ਕਰਤਾ **ਸਰਦਾਰ ਬਲਜੀਤ ਸਿੰਘ ਕੰਗ ਅਤੇ ਪਰਿਵਾਰ**

★ ਵਧੇਰੇ ਜਾਣਕਾਰੀ 07780605230 ★

**Address: GURDWARA BABA SANG JI**

**9 St Paul's Rd, Smethwick Birmingham B66 1EE**

# ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼


**RAGHBIR SINGH (Call : +44 7976 210161)**

**121. Broadway west Walsall, West Midlands, WS1 4DW, England uk**


## ਵਾਹਿਗੁਰੂ ਜੀ ਕੀ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ ॥



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 10 ਫਰਵਰੀ 2025 ਤੋਂ 20 ਫਰਵਰੀ 2025 ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 10 ਫਰਵਰੀ, 2025 ਨੂੰ ਸ਼ੁਰੂ ਹੋਵੇਗੀ ਤੇ ਇੱਥੇ 20 ਫਰਵਰੀ, 2025 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਬਰੇਕਫਾਸਟ ਅਤੇ ਡਿਨਰ ਸ਼ਾਮਲ
- ਲਗਜਰੀ ਏ. ਸੀ. ਟਰਾਂਸਪੋਰਟੇਸ਼ਨ।
- ਚੰਡੀਗੜ੍ਹ ਤੋਂ ਹੈਦਰਾਬਾਦ ਅਤੇ ਵਾਪਸੀ 'ਤੇ ਹੈਦਰਾਬਾਦ ਤੋਂ ਚੰਡੀਗੜ੍ਹ ਦਾ ਸਫਰ ਹਵਾਈ ਜਹਾਜ਼ ਰਾਹੀਂ।
- ਹਰ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਗਾਈਡ ਨਾਲ ਹੋਣਗੇ।

**ਇੰਡੀਆਂ ਵਿਚ ਜੁਆਇਨ ਕਰਨ ਵਾਲਿਆਂ ਲਈ ਕੇਵਲ 1190 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

**ਯੂ ਕੇ ਤੋਂ ਅੰਤਰਰਾਸ਼ਟਰੀ ਹਵਾਈ ਸਫ਼ਰ ਸਮੇਤ 1890 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

ਬੁੱਕ ਕਰਨ ਦੇ ਲਈ 600 ਪਾਉਂਡ ਐਡਵਾਂਸ ਦੇ ਤੌਰ ਤੇ ਜਮਾ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਦੋ ਹਫਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

**ਅਕਾਊਂਟ ਨੰਬਰ ਤੇ ਡਿਟੇਲ**

Account Name: RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :

+44 7458 381111 +44 7976 210161

email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)

**ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।**

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ

# ਪੰਜ ਤਖ਼ਤ ਯਾਤਰਾ

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 10 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 11 ਫਰਵਰੀ (ਦਿਨ 2)



ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜ਼ੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 12 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 13 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 14 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 15 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਬਿ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 16 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 17 ਫਰਵਰੀ (ਦਿਨ 8)



ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 18 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 19 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 20 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਿਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

**ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।**

# ਆਵਾਜ਼ਿ ਕੌਮ AWAZE QAUM

# AWAZE QAUM TOURS & TRAVELS

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**

**ਵਾਹਿਗੁਰੂ ਜੀ ਕੀ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2025 (10th Feb – 20thFeb 2025). During the stay we will try to provide you with all the possible facilities to make this trip a memorable one.**

## Trip Package Includes

Visit to Takhat Patna Sahib & other 5 Gurudwaras - Hyderabad (Museum & Char Minar) - Takhat Hazoor Sahib & other 8 Gurudwaras - Takhat Keshgarh Sahib Sahib & other 8 Gurudwaras - Damdama Sahib & other 3 Gurudwaras. - Akal Takth, Sri Harimandir Sahib, Jallianwala Bagh & Wagah Border

- Luxury Air-conditioned Coaches
- Luxury Hotel Stay (Sarai at Hazoor Sahib)
- Domestic Flights
- Guided Tours
- Flexibility to stay in India before & after the trip

**Cost If joining from India without international flights £ 1190 per person on Twin Sharing basis**

**Cost: If joining from UK with International flights - £1890 per person on Twin Sharing basis**

Deposit of £600 per person can be transferred into the following account (please write your name as a reference): Balance amount need to be deposited 2 weeks before the travel date.

**Account Name: RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)

**Program is subject to change without Prior Notice.**

## JOURNEY OF A LIFE TIME

# PANJ TAKHT YATRA

## 5 TAKHAT YATRA - 10 NIGHTS / 11 DAYS

### 10th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 11th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 12th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 13th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 14th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 15th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 16th Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 17th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 18Th Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 19th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 20th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

ਅਕਾਲ ਤਖ਼ਤ ਮਹਾਨ ਹੈ - ਸਿੱਖ ਪੰਥ ਦੀ ਸ਼ਾਨ ਹੈ

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਹਾਂ ਸਮਰਪਿਤ

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

## 19 ਜਨਵਰੀ 2025 ਨੂੰ

## ਆਮ ਚੋਣਾਂ ਸਬੰਧੀ ਸਾਡਾ ਚੋਣ ਮੈਨੀਫੈਸਟੋ



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁ. ਪ੍ਰ. ਕਮੇ.
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਜ਼ਾਦ

॥ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

1. ਸਾਡੇ ਪ੍ਰਬੰਧ ਵਿੱਚ ਗੁਰੂਘਰਾਂ ਦੀਆਂ ਸੁੰਦਰ ਇਮਾਰਤਾਂ ਦਰਬਾਰ ਸਾਹਿਬ,ਦੀਵਾਨ ਹਾਲ ਸੰਗਤਾਂ ਲਈ ਰਿਹਾਇਸ਼ੀ ਏ.ਸੀ. ਸਰਾਵਾਂ ਸਟਾਫ਼ ਦੇ ਕੁਆਰਟਰ, ਹਰਿਆਣਾ ਕਮੇਟੀ ਦਾ ਮੁੱਖ ਦਫ਼ਤਰ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਨਾਮ ਉੱਪਰ ਬਨਾਉਣ ਅਤੇ ਮਲਟੀਪਰਪਜ ਹਾਲ ਬਣਾਉਣ ਲਈ ਵੱਖ-ਵੱਖ ਮਹਾਂਪੁਰਸ਼ਾਂ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ ਹੈ ਅਤੇ ਕਮੇਟੀ ਵੱਲੋਂ ਸੀਮਿੰਟ ਸਰੀਆ ਕਾਰ ਸੇਵਾ ਲਈ ਭੇਂਟ ਕੀਤਾ ਜਾ ਰਿਹਾ ਹੈ, ਇੰਨ੍ਹਾਂ ਕਾਰ ਸੇਵਾਵਾਂ ਨੂੰ ਨਿਰੰਤਰ ਜਾਰੀ ਰੱਖ ਕੇ ਪੂਰਾ ਕਰਵਾਇਆ ਜਾਵੇਗਾ।

2. ਸਾਡੇ ਪ੍ਰਬੰਧ ਦੌਰਾਨ ਧਰਮ ਪ੍ਰਚਾਰ ਦੇ ਮੁੱਖ ਦਫ਼ਤਰ ਤੋਂ ਇਲਾਵਾ 3 ਸਬ-ਦਫ਼ਤਰ ਗੁਰਦੁਆਰਾ ਨਾਢਾ ਸਾਹਿਬ ਪਾਤਸ਼ਾਹੀ 10ਵੀਂ ਪੰਚਕੂਲਾ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ 9ਵੀਂ ਜੀਂਦ,ਗੁਰਦੁਆਰਾ ਪਾਤਸ਼ਾਹੀ 10ਵੀਂ ਸਿਰਸਾ ਵਿਖੇ ਖੋਲੇ ਗਏ ਹਨ, ਜਿੱਥੋਂ ਸਾਡੇ ਧਰਮ ਪ੍ਰਚਾਰ ਦੇ ਜੱਥੇ ਰਾਗੀ ਢਾਡੀ ਕਵੀਸ਼ਰ ਕਥਾਵਾਚਕ ਪਿੰਡਾਂ ਵਿੱਚ ਜਾ ਕੇ ਭੇਟਾ ਰਹਿਤ ਧਰਮ ਪ੍ਰਚਾਰ ਕਰ ਰਹੇ ਹਨ, ਇਸ ਧਰਮ ਪ੍ਰਚਾਰ ਦੀ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।

3. ਸਾਡੇ ਪ੍ਰਬੰਧ ਦੌਰਾਨ ਨਵੀਆਂ ਕਾਰਾਂ ਲੈ ਕੇ ਧਰਮ ਪ੍ਰਚਾਰ ਦਫ਼ਤਰਾਂ ਦੇ ਜੱਥਿਆਂ ਨੂੰ ਦਿੱਤੀਆਂ ਗਈਆਂ ਹਨ, ਜਿੰਨ੍ਹਾਂ ਤੇ ਉਹ ਪਿੰਡਾਂ ਵਿੱਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਲਈ ਜਾਂਦੇ ਹਨ।ਇਸ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।

4. ਸਾਡੇ ਪ੍ਰਬੰਧ ਵਿੱਚ ਚੱਲ ਰਹੇ 3 ਸਕੂਲਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਦੀ ਪੜ੍ਹਾਈ ਬਿਲਕੁਲ ਫਰੀ ਕੀਤੀ ਗਈ ਹੈ, 2 ਕਾਲਜਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ, ਇਸ ਸੇਵਾ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ ।

5. ਸਾਡੇ ਪ੍ਰਬੰਧ ਤੋਂ ਪਹਿਲਾਂ ਕੀਤੀ ਗਈ ਗੁਰੂ ਕੀ ਗੋਲਕ ਦੀ ਲੁੱਟ ਨੂੰ ਮੁੜ ਗੁਰੂ ਕੀ ਗੋਲਕ ਵਿੱਚ ਭਰਵਾਇਆ ਗਿਆ ਹੈ ਅਤੇ ਮੈਂਬਰ ਦੀ ਮੈਂਬਰਸ਼ਿਪ ਰੱਦ ਕੀਤੀ ਗਈ।

6. ਸਾਡੇ ਪ੍ਰਬੰਧ ਤੋਂ ਪਹਿਲਾ 15-15 ਸਾਲ ਤੋਂ ਕੰਟਰੈਕਟ ਬੇਸ ਤੇ ਚੱਲ ਰਹੇ ਕਮੇਟੀ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਹੈ ਅਤੇ ਯੋਗ ਨੌਜਵਾਨਾਂ ਦੀ ਨਵੀਂ ਭਰਤੀ ਕੀਤੀ ਗਈ ਹੈ।ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਅੱਗੇ ਵੀ ਮੁਲਾਜ਼ਮਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।

7. ਸਾਡੇ ਪ੍ਰਬੰਧ ਅਧੀਨ ਵੱਖ ਵੱਖ ਗੁਰਦੁਆਰਿਆਂ ਵਿੱਚ ਮੁਫ਼ਤ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

8. ਮੀਰੀ ਪੀਰੀ ਹਸਪਤਾਲ ਦਾ ਪ੍ਰਬੰਧ ਜਲਦੀ ਲੈ ਕੇ ਮੈਡੀਕਲ ਕਾਲਜ ਖੋਲਿਆ ਜਾਵੇਗਾ ਜਿਸ ਦੀ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ, ਤਾਂ ਕੇ ਹਰਿਆਣਾ ਦੇ ਸਿੱਖ ਬੱਚੇ ਡਾਕਟਰੀ ਦੀ ਪੜਾਈ ਕਰ ਸਕਣ।

9. ਸਾਡੇ ਵੱਲੋਂ IAS, IPS, IRS ਤੇ ਅਜਿਹੀਆਂ ਹੋਰ ਪ੍ਰਿਖਿਆਂਵਾਂ ਦੀ ਤਿਆਰੀ ਮੁਫ਼ਤ ਕਰਾਉਣ ਦੇ ਉਪਰਾਲੇ ਚੱਲ ਰਹੇ ਹਨ ਅਤੇ ਇਹਨਾਂ ਸੇਵਾਵਾਂ ਦਾ ਹੋਰ ਵਿਸਤਾਰ ਕੀਤਾ ਜਾਵੇਗਾ।

10. ਸਾਡੇ ਪ੍ਰਬੰਧ ਵਲੋਂ ਪੰਥਕ ਕਾਰਜਾਂ ਲਈ ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਦੇ ਕਈ ਪ੍ਰੀਵਾਰਾਂ ਦੀ ਆਰਥਿਕ ਮੱਦਦ, ਕੈਂਸਰ ਆਦਿਕ ਭਿਆਨਕ ਬੀਮਾਰੀਆਂ ਤੋਂ ਪੀੜਤਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਹੈ ਜੋ ਨਿਰੰਤਰ ਜਾਰੀ ਰਹੇਗੀ।

11. ਸਾਡੇ ਪ੍ਰਬੰਧ ਵਲੋਂ ਲੋੜਵੰਦ ਪ੍ਰੀਵਾਰਾਂ ਦੇ ਹੋਰ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਵੀ ਫੀਸਾਂ ਭਰੀਆਂ ਗਈਆਂ ਹਨ, ਇਹ ਸੇਵਾ ਨਿਰੰਤਰ ਜਾਰੀ ਰੱਖੀ ਜਾਵੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

12. ਸਾਡੇ ਪ੍ਰਬੰਧ ਵਲੋਂ ਯਾਤਰੀ ਸਿੱਖ ਸੰਗਤਾਂ ਲਈ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਏ.ਸੀ. ਸਰਾਵਾਂ ਜਲਦ ਬਣਾਈਆਂ ਜਾਣਗੀਆਂ।

13. ਸਾਡੇ ਵਲੋਂ ਲੋੜਵੰਦ ਪ੍ਰੀਵਾਰਾਂ ਦੀਆਂ ਸੈਂਕੜੇ ਬੱਚੀਆਂ ਦੇ ਸਮੂਹਿਕ ਵਿਆਹ ਪਿਛਲੇ ਸਮੇਂ ਵਿੱਚ ਕੀਤੇ ਗਏ ਹਨ ਅਤੇ ਉਹਨਾਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਲੋੜੀਂਦਾ ਸਾਜੋਂ ਸਮਾਨ ਦੇ ਕੇ ਵਿਦਾ ਕੀਤਾ ਜਾਂਦਾ ਹੈ ਇਹ ਸੇਵਾ ਨਿਰੰਤਰ ਜਾਰੀ ਰਹੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

ਜੋ ਕਿਹਾ - ਉਹ ਕੀਤਾ
ਜੋ ਕਹਾਂਗੇ - ਉਹ ਕਰਾਂਗੇ


ਦੇਗ ਤੇਗ ਫਤਿਹ ਪੰਥ ਕੀ ਜੀਤ
ਨਸ਼ੇ ਛੱਡੋ, ਅੰਮ੍ਰਿਤ ਛਕੋ, ਸਿੰਘ ਸਜੋ
ਪੰਥ ਬਚਾਉ, ਪੰਜਾਬ ਬਚਾਉ ਰੈਲੀ
ਪੰਜਾਬ ਦੀ ਨਵੀਂ ਸਿਆਸਤ ਦਾ
ਆਗਾਜ਼
ਪੰਜਾਬ ਦੀ ਖੇਤਰੀ ਪਾਰਟੀ ਦਾ
ਐਲਾਨ
ਮਿਤੀ 14 ਜਨਵਰੀ 2025
ਮੇਲਾ ਮਾਘੀ 'ਤੇ
ਆਵਾਜ਼ਿ ਕੌਮ
AWAZE QAUM
International Newspaper & WEB TV


ਰਾਜ ਕਰੇਗਾ ਖਾਲਸਾ
ਦੇਗ ਤੇਗ ਫਤਹਿ
40 ਮੁਕਤਿਆਂ ਦੀ ਪਵਿੱਤਰ ਧਰਤੀ ਤੇ ਸੰਗਤਾਂ ਨੂੰ ਜੀ ਆਇਆਂ
ਸ਼੍ਰੋਮਣੀ ਅਕਾਲੀ ਦਲ, ਅਮ੍ਰਿੰਤਸਰ
ਨਾ ਅਸੀਂ ਹਿੰਦੂ, ਨਾ ਅਸੀਂ ਮੁਸਲਮਾਨ, ਸਾਡੀ ਮੰਜ਼ਿਲ ਖਾਲਿਸਤਾਨ
ਸੰਤ ਜਰਨੈਲ ਸਿੰਘ ਖਾਲਸਾ
ਭਿੰਡਰਾਂ ਵਾਲੇ
ਸ. ਸਿਮਰਨਜੀਤ ਸਿੰਘ ਮਾਨ
ਮੈਂਬਰ ਆਫ ਪਾਰਲੀਮੈਂਟ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਅਮ੍ਰਿੰਤਸਰ
ਮੀਰੀ ਪੀਰੀ ਖਾਲਿਸਤਾਨੀ ਕਾਨਫਰੰਸ
14 ਜਨਵਰੀ 2025 ਦਿਨ ਮੰਗਲਵਾਰ 11:00 ਵਜੇ
ਸਥਾਨ: ਡੇਰਾ ਭਾਈ ਮਸਤਾਨ ਸਿੰਘ, ਸ੍ਰੀ ਮੁਕਤਸਰ ਸਾਹਿਬ।
ਵੱਲੋਂ: ਜ਼ਿਲ੍ਹਾ ਅਕਾਲੀ ਜੱਥਾ, ਸ਼੍ਰੀ ਮੁਕਤਸਰ ਸਾਹਿਬ।


ਗ੍ਰਾਮ ਪੰਚਾਇਤ ਢੰਡੋਵਾਲ ਵੱਲੋਂ ਸ਼ਹੀਦ ਬਾਬਾ ਸੁਖਚੇਤ ਸਿੰਘ ਜੀ ਦੇ ਸ਼ਹੀਦੀ ਅਸਥਾਨਾਂ 'ਤੇ
ਸਵ: ਸ. ਨਾਜਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ
58ਵਾਂ ਸਲਾਨਾ ਛਿੰਝ ਮੇਲਾ ਢੰਡੋਵਾਲ
14 ਜਨਵਰੀ 2025 ਮੰਗਲਵਾਰ
ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)
ਪਟਕੇ ਦੀ ਕੁਸ਼ਤੀ
ਭੁਪਿੰਦਰ ਅਜਨਾਲਾ
(ਪੰਜਾਬ ਕੇਸਰੀ)
ਪ੍ਰਿਤਪਾਲ ਫਗਵਾੜਾ
(ਭਾਰਤ ਕੇਸਰੀ)
ਇਸ ਤੋਂ ਇਲਾਵਾ ਸਹਿਬਾਜ਼ ਆਲਮਗੀਰ, ਗੌਰਵ ਅਜਨਾਲਾ,
ਸੁਰਿੰਦਰ ਸ਼ਾਹਕੋਟ, ਸੂਜਲ ਫਗਵਾੜਾ, ਨੂਰ ਆਲਮਗੀਰ,
ਮੁਕੇਸ਼ ਕੌਹਾਲੀ, ਅਜੇ ਪਾਲ ਖੰਨਾ, ਜੱਸਾ ਫਗਵਾੜਾ
ਨੋਟ: ਸਿਰਫ਼ ਸੱਦੇ ਹੋਏ ਅਖਾੜਿਆਂ ਦੇ
ਪਹਿਲਵਾਨਾਂ ਦੀਆਂ ਹੀ ਕੁਸ਼ਤੀਆਂ ਹੋਣਗੀਆਂ।
ਵੱਲੋਂ: ਗ੍ਰਾਮ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ
ਸੰਪਰਕ: 98151-02950, 82840-32366, 97798-12352
ਛਿੰਝ ਮੇਲੇ ਦਾ ਲਾਈਵ ਪ੍ਰਸਾਰਣ
ਆਵਾਜ਼ਿ ਕੌਮ AWAZE QAUM WEB TV
'ਤੇ ਦੇਖਿਆ ਜਾ ਸਕਦਾ ਹੈ।





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥

BY HIS COMMAND WE COME, AND BY HIS COMMAND WE GO; BY HIS COMMAND, WE MERGE IN ABSORPTION.

# SHINDO 'PINDI' KAUR MANDAIR

# ਬੀਬੀ ਪਿੰਦੀ ਕੌਰ ਮੰਡੇਰ

## 2nd July 1948- 29th December 2024



ਆਵਾਜ਼ਿ ਕੌਮ
AWAZE QAUM
International Newspaper & WEB TV

## WEDNESDAY 15TH JANUARY 2025

ਅੰਤਮ ਦਰਸ਼ਨ ANTAM DARSHAN: 11:45 AM
GURDWARA NANAKSAR, 3 PETERBOROUGH ROAD,
SOUTHAMPTON, SO14 6HY

ਅੰਤਮ ਸੰਸਕਾਰ ANTAM SANSKAR: 1PM
SOUTHAMPTON CREMATORIUM, BASSETT GREEN ROAD,
SOUTHAMPTON, SO16 3QB


ਸ੍ਰੀ ਸਹਿਜ ਪਾਠ ਦੇ ਭੋਗ ਅਤੇ ਗੁਰੂ ਕਾ ਲੰਗਰ - FOLLOWED BY SEHAJ PATH BHOG AND GURU KA LANGAR GURDWARA NANAKSAR

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਨਸਾਨੁ ॥

40 ਮੁਕਤਿਆਂ ਦੀ ਯਾਦ 'ਚ

# ਸੰਗਰਾਂਦ ਅਤੇ ਮਾਘੀ ਦਾ ਦਿਹਾੜਾ





# ਗੁਰਦਵਾਰਾ ਸਿੰਘ ਸਭਾ, ਸਲੇਮਪੁਰ ਮਸੰਦਾਂ

## ਵਿਖੇ 12, 13, 14 ਜਨਵਰੀ ਨੂੰ ਮਨਾਇਆ ਜਾਵੇਗਾ

⋆ ਪਹੁੰਚ ਰਿਹਾ ਢਾਡੀ ਜੱਥਾਂ ⋆

## ਗਿਆਨੀ ਰਾਜਵਿੰਦਰ ਸਿੰਘ ਖਾਲਸਾ ਮਹਿਤਪੁਰ ਵਾਲੇ

(11 ਵਜੇ ਦੁਪਹਿਰ ਤੋਂ 1 ਵਜੇ ਤੱਕ)




14 ਜਨਵਰੀ 2025, ਸਮਾਂ ਸਵੇਰੇ 11.00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ।

## ਸਮੂਹ ਸਾਧ ਸੰਗਤ ਸਲੇਮਪੁਰ ਮਸੰਦਾਂ ਦੇ ਸਹਿਯੋਗ ਨਾਲ ਮਾਘੀ ਦਾ ਦਿਹਾੜੀ ਮਨਾਇਆ ਜਾਵੇਗਾ

## ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਗੁਰੂ ਪੰਥ ਦਾ ਸੇਵਾਦਾਰ

**ਭਾਈ ਰਘਵੀਰ ਸਿੰਘ ਵਾਲਸਾਲ**

ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ ਤੇ ਵੈਬ ਚੈਨਲ

ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ, ਯੂ. ਕੇ.

ਆਵਾਜ਼ਿ ਕੌਮ AWAZE QAUM International Newspaper & WEB TV




## ਅੱਜ 'ਲੋਹੜੀ' 'ਤੇ ਵਿਸ਼ੇਸ਼

# ਦੁੱਲਾ ਭੱਟੀ ਵਾਲਾ-ਹੋ

**ਵਣਜਾਰਾ** ਬੇਦੀ ਦਾ ਮੰਨਣਾ ਹੈ ਕਿ ਲੋਹੜੀ ਪੰਜਾਬ ਵਿੱਚ ਪ੍ਰਚਲਿਤ ਕਿਸੇ ਸਮੇਂ ਸੂਰਜ ਦੇਵ ਦੀ ਪੂਜਾ ਦੀ ਹੀ ਰਹਿੰਦਾ ਹੈ ।ਕੱਤਕ ਮਹੀਨੇ ਵਿੱਚ ਸੂਰਜ ਧਰਤੀ ਤੋਂ ਦੂਰੀ ਬਣਾ ਲੈਂਦਾ ਹੈ, ਜਿਸ ਕਾਰਨ ਸੂਰਜ ਦੀਆਂ ਕਿਰਨਾਂ ਧਰਤੀ ਤੇ ਜਲਦੀ ਨਹੀ ਪਹੁੰਚਦੀਆਂ ਤੇ ਜ਼ਿਆਦਾ ਗਰਮ ਨਹੀ ਰਹਿ ਜਾਂਦੀਆਂ। ਪੁਰਾਣੇ ਸਮਿਆਂ ਵਿੱਚ ਲੋਕ ਇਸ ਪ੍ਰਕ੍ਰਿਆਂ ਨੂੰ ਸੂਰਜ ਦੀ ਤਪਸ਼ ਘੱਟ ਜਾਣ ਨਾਲ ਜੋੜਦੇ ਹਨ। ਸੂਰਜ ਦੇ ਚਾਨਣ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲੀ ਜਾਂਦੀ ਸੀ। ਲੋਹੜੀ ਦੇ ਤਿਉਹਾਰ ਦਾ ਸਬੰਧ ਭਾਵੇਂ ਮੂਲ ਰੂਪ ਵਿੱਚ ਮੌਸਮ ਨਾਲ ਜੁੜਿਆ ਹੈ, ਪਰ ਇਸ ਤਿਉਹਾਰ ਨਾਲ ਕਈ ਦੰਦ ਕਥਾਵਾਂ ਵੀ ਜੁੜੀਆਂ ਹੋਈਆਂ ਹਨ ਕੁੱਝ ਲੋਕ ਇਸ ਤਿਉਹਾਰ ਨੂੰ ਸੰਤ ਕਬੀਰ ਜੀ ਦੀ ਪਤਨੀ 'ਲੋਈ' ਦੇ ਨਾਂ ਨਾਲ ਵੀ ਜੋੜਦੇ ਹਨ ਕਿ 'ਲੋਈ' ਦੇ ਨਾਂ ਤੋਂ ਹੀ 'ਲੋਹੜੀ' ਦਾ ਨਾਂ ਪਿਆ ਹੈ ।ਕੁੱਝ ਲੋਕ ਲੋਹੜੀ ਸ਼ਬਦ 'ਲੋਹ' ਸ਼ਬਦ ਤੋਂ ਪਿਆ ਦੱਸਦੇ ਹਨ। ਜਿਸ ਦਾ ਅਰਥ ਰੌਸ਼ਨੀ ਅਤੇ ਸੇਕ ਹੈ ।ਕੁੱਝ ਲੋਕਾਂ ਦਾ ਮੰਨਣਾ ਹੈ ਕਿ ਤਿਲ ਅਤੇ ਰਿਉੜੀਆਂ ਦੇ ਸ਼ਬਦ ਦੇ ਸੁਮੇਲ ਤੋਂ ਬਣਿਆ ਹੈ, ਪਹਿਲਾਂ ਇਹ 'ਤਿਲੋਹੜੀ' ਸੀ, ਪਰ ਬਾਅਦ ਵਿੱਚ 'ਲੋਹੜੀ' ਮਸ਼ਹੂਰ ਹੋ ਗਿਆ।

ਆਵਾਜ਼ਿ ਕੌਮ
AWAZE QAUM
International Newspaper & WEB TV


ਲੋਹੜੀ ਦਾ ਤਿਉਹਾਰ ਭਾਵੇਂ ਕੋਈ ਧਾਰਮਿਕ ਮਹੱਤਤਾ ਨਹੀ ਰੱਖਦਾ, ਪਰ ਇਹ ਤਿਉਹਾਰ ਬਹੁਤ ਖਾਸ ਹੈ ।ਨਵੇਂ ਸਾਲ ਦੀ ਸ਼ੁਰੂਆਤ ਦਾ ਜੋ ਪਹਿਲਾ ਤਿਉਹਾਰ ਹੈ, ਉਹ ਤਿਉਹਾਰ ਲੋਹੜੀ ਹੀ ਹੈ, ਜੋ ਬਹੁਤ ਮਹੱਤਵਪੂਰਨ ਹੋ ਨਿੱਬੜਦਾ ਹੈ ।ਲੋਹੜੀ ਪੋਹ ਮਹੀਨੇ ਦਾ ਪ੍ਰਸਿੱਧ ਤਿਉਹਾਰ ਹੈ, ਇਹ ਪੋਹ ਮਹੀਨੇ ਦੀ ਅਖੀਰਲੀ ਰਾਤ ਨੂੰ ਮਨਾਇਆ ਜਾਂਦਾ ਹੈ ।ਲੋਹੜੀ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਹੁੰਦੀ ਹੈ। ਇਸ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਲੋਹੜੀ ਜ਼ਿਆਦਾਤਰ 13 ਜਨਵਰੀ ਨੂੰ ਹੀ ਆਉਂਦੀ ਹੈ। ਇਸ ਮਹੀਨੇ ਫਸਲਾਂ ਦੀ ਬਿਜਾਈ ਤਕਰੀਬਨ- ਤਕਰੀਬਨ ਹੋ ਚੁੱਕੀ ਹੋਈ ਹੁੰਦੀ ਹੈ, ਬੱਸ ਥੋੜ੍ਹੀ ਬਹੁਤ ਦੇਖ ਭਾਲ ਹੀ ਬਾਕੀ ਹੁੰਦੀ ਹੈ। ਲੋਹੜੀ ਸਰਦੀਆਂ ਦੇ ਅੰਤ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਪ੍ਰਫੁੱਲਤ ਹੋਣ ਦਾ ਹਥਿਆਰ ਹੈ ।ਜਿਸ ਘਰ ਮੁੰਡਾ ਜੰਮਿਆ ਹੋਵੇ ਜਾਂ ਨਵ ਵਿਆਹੀ ਵਹੁਟੀ ਆਈ ਹੋਵੇ। ਉਸਦੀ ਪਹਿਲੀ ਲੋਹੜੀ ਨੂੰ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਦਾ ਹੈ।

ਲੋਹੜੀ ਦਾ ਇਤਿਹਾਸ ਅਕਬਰ ਬਾਦਸ਼ਾਹ ਦੇ ਸਮੇਂ 'ਦੁੱਲਾ ਭੱਟੀ' ਨਾਂ ਦੇ ਡਾਕੂ ਨਾਲ ਵੀ ਜੋੜਿਆ ਜਾਂਦਾ ਹੈ, ਜੋ ਅਮੀਰ ਲੋਕਾਂ ਨੂੰ ਲੁੱਟ ਕੇ ਸਾਰਾ ਧੰਨ ਗਰੀਬਾਂ ਵਿੱਚ ਵੰਡ ਦੇਂਦਾ ਸੀ ।ਔਰਤਾਂ ਨੂੰ ਆਪਣੀਆਂ ਧੀਆਂ ਭੈਣਾਂ ਸਮਝਦਾ ਸੀ। ਇਸ ਲਈ ਲੋਕਾਂ ਵਿੱਚ ਉਹ ਬਹੁਤ ਮਸ਼ਹੂਰ ਹੋ ਚੁੱਕਾ ਸੀ ।ਇੱਕ ਵਾਰ ਉਸਨੇ ਅਗਵਾਕਾਰਾਂ ਦੇ ਚੁੰਗਲ ਵਿੱਚੋਂ ਇੱਕ ਲੜਕੀ ਨੂੰ ਛੁਡਾਇਆ ਤੇ ਆਪਣੀ ਧਰਮ ਦੀ ਧੀ ਬਣਾ ਲਿਆ ।ਇੱਕ ਹੋਰ ਲਿੱਖਤ ਅਨੁਸਾਰ ਕਿਸੇ ਗਰੀਬ ਬ੍ਰਹਮਣ ਦੀਆਂ ਸੁੰਦਰੀ ਤੇ ਮੁੰਦਰੀ ਨਾਂਅ ਦੀਆਂ ਦੋ ਬਹੁਤ ਖੂਬਸੂਰਤ ਧੀਆ ਸਨ, ਜਿੰਨ੍ਹਾਂ ਦੀ ਮੰਗਣੀ ਹੋ ਚੁੱਕੀ ਸੀ। ਉਸ ਸਮੇਂ ਦੇ ਹਾਕਮ ਦੀ ਨਜ਼ਰੀ ਇਹ ਲੜਕੀਆਂ ਚੜ੍ਹ ਗਈਆਂ ਤੇ ਉਹ ਹਾਕਮ ਦੋਨਾਂ ਭੈਣਾਂ ਤੇ ਮੈਲੀ ਅੱਖ ਰੱਖਣ ਲੱਗ ਪਿਆ ਉਸ ਬ੍ਰਹਮਣ ਨੇ ਉਨ੍ਹਾਂ ਲੜਕੀਆਂ ਦੇ ਸਹੁਰਿਆਂ ਅੱਗੇ ਬਹੁਤ ਤਰਲੇ ਕੀਤੇ ਕਿ ਉਹ ਲੜਕੀਆਂ ਵਿਆਹ ਕੇ ਲੈ ਜਾਣ, ਪਰ ਉਹ ਹਾਕਮਾਂ ਤੋਂ ਡਰਦੇ ਨਾਂਹ ਕਰ ਗਏ। ਉਸ ਬ੍ਰਹਮਣ ਨੇ ਕਿਸੇ ਤਰ੍ਹਾਂ ਦੁੱਲੇ ਭੱਟੀ ਨਾਲ ਸੰਪਰਕ ਕੀਤਾ ਤੇ ਮਦਦ ਦੀ ਗੁਹਾਰ ਲਾਈ।

ਦੁੱਲੇ ਭੱਟੀ ਨੇ ਕੁੜੀਆਂ ਦੇ ਵਿਆਹ ਕਰਵਾਉਣ ਦਾ ਵਚਨ ਦਿੱਤਾ। ਲੜਕੀਆਂ ਦੇ ਸਹੁਰੇ ਹਾਕਮਾਂ ਤੋਂ ਡਰਦੇ ਮਾਰੇ ਰਾਤ ਨੂੰ ਵਿਆਹ ਕਰਨ ਲਈ ਕਹਿਣ ਲੱਗੇ। ਦੁੱਲੇ ਭੱਟੀ ਨੇ ਲਾਗਲੇ ਪਿੰਡਾਂ ਵਿੱਚੋਂ ਦਾਨ ਦੇ ਰੂਪ ਵਿੱਚ ਗੁੜ, ਸ਼ੱਕਰ, ਬਾਲਣ, ਦਾਣੇ ਇੱਕਠੇ ਕੀਤੇ ਤੇ ਨਾਲ ਹੀ ਜਿੰਨ੍ਹਾਂ ਦੇ ਨਵੇਂ ਵਿਆਹ ਹੋਏ ਸਨ ਜਾਂ ਜਿੰਨ੍ਹਾਂ ਦੇ ਮੁੰਡਾ ਜੰਮਿਆ ਸੀ, ਸਭ ਨੂੰ ਵਿਆਹ ਵਿੱਚ ਸ਼ਾਮਿਲ ਹੋਣ ਲਈ ਕਿਹਾ। ਸਭ ਲੋਕ ਸੁੰਦਰੀ ਤੇ ਮੁੰਦਰੀ ਦੇ ਵਿਆਹ ਤੇ ਇੱਕਠੇ ਹੋਏ। ਦੁੱਲੇ ਭੱਟੀ ਨੇ ਆਪਣੇ ਹੱਥੀਂ ਲੜਕੀਆਂ ਦੇ ਵਿਆਹ ਕੀਤੇ ਤੇ ਸੇਰ-ਸੇਰ ਸ਼ੱਕਰ ਪਾਈ ।ਸੁੰਦਰ ਮੁੰਦਰੀ ਦੋਵੇਂ ਭੈਣਾਂ ਵਿਆਹੀਆਂ ਗਈਆਂ ਤੇ ਉਸ ਬ੍ਰਹਮਣ ਨੇ ਦੁੱਲੇ ਭੱਟੀ ਦਾ ਲੱਖ-ਲੱਖ ਧੰਨਵਾਦ ਕੀਤਾ। ਉਸ ਦਿਨ ਤੋਂ ਇਸੇ ਤਰ੍ਹਾਂ ਲੋਹੜੀ ਮਨਾਉਣ ਦਾ ਰਿਵਾਜ਼ ਪੈ ਗਿਆ ।ਦੁੱਲਾ ਭੱਟੀ ਇੰਨ੍ਹਾਂ ਮਸ਼ਹੂਰ ਹੋ ਗਿਆ ਕਿ ਅੱਜ ਵੀ ਜਦ ਬੱਚੇ ਘਰਾਂ ਵਿੱਚੋਂ ਲੋਹੜੀ ਮੰਗਦੇ ਹਨ ਤਾਂ ਇਹ ਗੀਤ ਜਰੂਰ ਗਾਉਂਦੇ ਹਨ।

ਸੁੰਦਰ ਮੁੰਦਰੀਏ-ਹੋ
ਤੇਰਾ ਕੌਣ ਵਿਚਾਰਾ-ਹੋ
ਦੁੱਲਾ ਭੱਟੀ ਵਾਲਾ-ਹੋ
ਦੁੱਲੇ ਨੇ ਧੀ ਵਿਆਈ-ਹੋ
ਸੇਰ ਸ਼ੱਕਰ ਪਾਈ-ਹੋ
ਕੁੜੀ ਦਾ ਲਾਲ ਪਤਾਕਾ-ਹੋ
ਕੁੜੀ ਦਾ ਸਾਲੂ ਪਾਟਾ-ਹੋ
ਸਾਲੂ ਕੌਣ ਸਮੇਟੇ-ਹੋ
ਚਾਚਾ ਗਾਲੀ ਦੇਸੇ-ਹੋ
ਚਾਚੇ ਚੂਰੀ ਕੁੱਟੀ-ਹੋ
ਜ਼ਿੰਦੀਦਾਰਾਂ ਲੁੱਟੀ-ਹੋ

(ਬਾਕੀ ਅਗਲੇ ਪੰਨੇ 'ਤੇ)



# ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ ਲੋਹੜੀ ਦਾ ਤਿਉਹਾਰ



**ਲੋਹੜੀ** ਦਾ ਤਿਉਹਾਰ ਭਾਵੇਂ ਕੋਈ ਧਾਰਮਿਕ ਮਹੱਤਤਾ ਨਹੀ ਰੱਖਦਾ, ਪਰ ਇਹ ਤਿਉਹਾਰ ਬਹੁਤ ਖਾਸ ਹੈ।ਨਵੇਂ ਸਾਲ ਦੀ ਸ਼ੁਰੂਆਤ ਦਾ ਜੋ ਪਹਿਲਾ ਤਿਉਹਾਰ ਹੈ, ਉਹ ਤਿਉਹਾਰ ਲੋਹੜੀ ਹੀ ਹੈ, ਜੋ ਬਹੁਤ ਮਹੱਤਵਪੂਰਨ ਹੋ ਨਿੱਬੜਦਾ ਹੈ।ਲੋਹੜੀ ਪੋਹ ਮਹੀਨੇ ਦਾ ਪ੍ਰਸਿੱਧ ਤਿਉਹਾਰ ਹੈ, ਇਹ ਪੋਹ ਮਹੀਨੇ ਦੀ ਅਖੀਰਲੀ ਰਾਤ ਨੂੰ ਮਨਾਇਆ ਜਾਂਦਾ ਹੈ।ਲੋਹੜੀ ਤੋਂ ਅਗਲੇ ਦਿਨ ਮਾਘ ਮਹੀਨੇ ਦੀ ਸੰਗਰਾਂਦ ਹੁੰਦੀ ਹੈ। ਇਸ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਲੋਹੜੀ ਜ਼ਿਆਦਾਤਰ 13 ਜਨਵਰੀ ਨੂੰ ਹੀ ਆਉਂਦੀ ਹੈ। ਇਸ ਮਹੀਨੇ ਫਸਲਾਂ ਦੀ ਬਿਜਾਈ ਤਕਰੀਬਨ- ਤਕਰੀਬਨ ਹੋ ਚੁੱਕੀ ਹੋਈ ਹੁੰਦੀ ਹੈ, ਬੱਸ ਥੋੜ੍ਹੀ ਬਹੁਤ ਦੇਖ ਭਾਲ ਹੀ ਬਾਕੀ ਹੁੰਦੀ ਹੈ। ਲੋਹੜੀ ਸਰਦੀਆਂ ਦੇ ਅੰਤ ਅਤੇ ਹਾੜ੍ਹੀ ਦੀਆਂ ਫਸਲਾਂ ਦੇ ਪ੍ਰਫੁੱਲਤ ਹੋਣ ਦਾ ਹਥਿਆਰ ਹੈ।ਜਿਸ ਘਰ ਮੁੰਡਾ ਜੰਮਿਆ ਹੋਵੇ ਜਾਂ ਨਵ ਵਿਆਹੀ ਵਹੁਟੀ ਆਈ ਹੋਵੇ। ਉਸਦੀ ਪਹਿਲੀ ਲੋਹੜੀ ਨੂੰ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਵਣਜਾਰਾ ਬੇਦੀ ਦਾ ਮੰਨਣਾ ਹੈ ਕਿ ਲੋਹੜੀ ਪੰਜਾਬ ਵਿੱਚ ਪ੍ਰਚਲਿਤ ਕਿਸੇ ਸਮੇਂ ਸੂਰਜ ਦੇਵ ਦੀ ਪੂਜਾ ਦੀ ਹੀ ਰਹਿੰਦਾਹੈ।ਕੱਤਕ ਮਹੀਨੇ ਵਿੱਚ ਸੂਰਜ ਧਰਤੀ ਤੋਂ ਦੂਰੀ ਬਣਾ ਲੈਂਦਾ ਹੈ, ਜਿਸ ਕਾਰਨ ਸੂਰਜ ਦੀਆਂ ਕਿਰਨਾਂ ਧਰਤੀ ਤੇ ਜਲਦੀ ਨਹੀ ਪਹੁੰਚਦੀਆਂ ਤੇ ਜ਼ਿਆਦਾ ਗਰਮ ਨਹੀ ਰਹਿ ਜਾਂਦੀਆਂ। ਪੁਰਾਣੇ ਸਮਿਆਂ ਵਿੱਚ ਲੋਕ ਇਸ ਪ੍ਰਕ੍ਰਿਆਂ ਨੂੰ ਸੂਰਜ ਦੀ ਤਪਸ਼ ਘੱਟ ਜਾਣ ਨਾਲ ਜੋੜਦੇ ਹਨ। ਸੂਰਜ ਦੇ ਚਾਨਣ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲੀ ਜਾਂਦੀ ਸੀ।

ਲੋਹੜੀ ਦੇ ਤਿਉਹਾਰ ਦਾ ਸਬੰਧ ਭਾਵੇਂ ਮੂਲ ਰੂਪ ਵਿੱਚ ਮੌਸਮ ਨਾਲ ਜੁੜਿਆ ਹੈ, ਪਰ ਇਸ ਤਿਉਹਾਰ ਨਾਲ ਕਈ ਦੰਦ ਕਥਾਵਾਂ ਵੀ ਜੁੜੀਆਂ ਹੋਈਆਂ ਹਨ।ਕੁੱਝ ਲੋਕ ਇਸ ਤਿਉਹਾਰ ਨੂੰ ਸੰਤ ਕਬੀਰ ਜੀ ਦੀ ਪਤਨੀ 'ਲੋਈ' ਦੇ ਨਾਂ ਨਾਲ ਵੀ ਜੋੜਦੇ ਹਨ ਕਿ 'ਲੋਈ' ਦੇ ਨਾਂ ਤੋਂ ਹੀ 'ਲੋਹੜੀ' ਦਾ ਨਾਂ ਪਿਆ ਹੈ।ਕੁੱਝ ਲੋਕ ਲੋਹੜੀ ਸ਼ਬਦ 'ਲੋਹ' ਸ਼ਬਦ ਤੋਂ ਪਿਆ ਦੱਸਦੇ ਹਨ। ਜਿਸ ਦਾ ਅਰਥ ਰੌਸ਼ਨੀ ਅਤੇ ਸੇਕ ਹੈ।ਕੁੱਝ ਲੋਕਾਂ ਦਾ ਮੰਨਣਾ ਹੈ ਕਿ ਤਿਲ ਅਤੇ ਰਿਉੜੀਆਂ ਦੇ ਸ਼ਬਦ ਦੇ ਸੁਮੇਲ ਤੋਂ ਬਣਿਆ ਹੈ, ਪਹਿਲਾਂ ਇਹ 'ਤਿਲੋਹੜੀ' ਸੀ, ਪਰ ਬਾਅਦ ਵਿੱਚ 'ਲੋਹੜੀ' ਮਸ਼ਹੂਰ ਹੋ ਗਿਆ।

ਲੋਹੜੀ ਦਾ ਇਤਿਹਾਸ ਅਕਬਰ ਬਾਦਸ਼ਾਹ ਦੇ ਸਮੇਂ 'ਦੁੱਲਾ ਭੱਟੀ' ਨਾਂ ਦੇ ਡਾਕੂ ਨਾਲ ਵੀ ਜੋੜਿਆ ਜਾਂਦਾ ਹੈ,ਜੋ ਅਮੀਰ ਲੋਕਾਂ ਨੂੰ ਲੁੱਟ ਕੇ ਸਾਰਾ ਧੰਨ ਗਰੀਬਾਂ ਵਿੱਚ ਵੰਡ ਦੇਂਦਾ ਸੀ।ਔਰਤਾਂ ਨੂੰ ਆਪਣੀਆਂ ਧੀਆਂ ਭੈਣਾਂ ਸਮਝਦਾ ਸੀ। ਇਸ ਲਈ ਲੋਕਾਂ ਵਿੱਚ ਉਹ ਬਹੁਤ ਮਸ਼ਹੂਰ ਹੋ ਚੁੱਕਾ ਸੀ।ਇੱਕ ਵਾਰ ਉਸਨੇ ਅਗਵਾਕਾਰਾਂਦੇ ਚੁੰਗਲ ਵਿੱਚੋਂ ਇੱਕ ਲੜਕੀ ਨੂੰ ਛੁਡਾਇਆ ਤੇ ਆਪਣੀ ਧਰਮ ਦੀ ਧੀ ਬਣਾ ਲਿਆ।ਇੱਕ ਹੋਰ ਲਿੱਖਤ ਅਨੁਸਾਰ ਕਿਸੇ ਗਰੀਬ ਬ੍ਰਹਮਣ ਦੀਆਂ ਸੁੰਦਰੀ ਤੇ ਮੁੰਦਰੀ ਨਾਂਅ ਦੀਆਂ ਦੋ ਬਹੁਤ ਖ਼ੂਬਸੂਰਤ ਧੀਆ ਸਨ, ਜਿੰਨ੍ਹਾਂ ਦੀ ਮੰਗਣੀ ਹੋ ਚੁੱਕੀ ਸੀ।

ਉਸ ਸਮੇਂ ਦੇ ਹਾਕਮ ਦੀ ਨਜ਼ਰੀ ਇਹ ਲੜਕੀਆਂ ਚੜ੍ਹ ਗਈਆਂ ਤੇ ਉਹ ਹਾਕਮ ਦੋਨਾਂ ਭੈਣਾਂ ਤੇ ਮੈਲੀ ਅੱਖ ਰੱਖਣ ਲੱਗ ਪਿਆ।ਉਸ ਬ੍ਰਹਮਣ ਨੇ ਉਨ੍ਹਾਂ ਲੜਕੀਆਂ ਦੇ ਸਹੁਰਿਆਂ ਅੱਗੇ ਬਹੁਤ ਤਰਲੇ ਕੀਤੇ ਕਿ ਉਹ ਲੜਕੀਆਂ ਵਿਆਹ ਕੇ ਲੈ ਜਾਣ, ਪਰ ਉਹ ਹਾਕਮਾਂ ਤੋਂ ਡਰਦੇ ਨਾਂਹ ਕਰ ਗਏ। ਉਸ ਬ੍ਰਹਮਣ ਨੇ ਕਿਸੇ ਤਰ੍ਹਾਂ ਦੁੱਲੇ ਭੱਟੀ ਨਾਲ ਸੰਪਰਕ ਕੀਤਾ ਤੇ ਮਦਦ ਦੀ ਗੁਹਾਰ ਲਾਈ।ਦੁੱਲੇ ਭੱਟੀ ਨੇ ਕੁੜੀਆਂ ਦੇ ਵਿਆਹ ਕਰਵਾਉਣ ਦਾ ਵਚਨ ਦਿੱਤਾ। ਲੜਕੀਆਂ ਦੇ ਸਹੁਰੇ ਹਾਕਮਾਂ ਤੋਂ ਡਰਦੇ ਮਾਰੇ ਰਾਤ ਨੂੰ ਵਿਆਹ ਕਰਨ ਲਈ ਕਹਿਣ ਲੱਗੇ। ਦੁੱਲੇ ਭੱਟੀ ਨੇ ਲਾਗਲੇ ਪਿੰਡਾਂ ਵਿੱਚੋਂ ਦਾਨ ਦੇ ਰੂਪ ਵਿੱਚ ਗੁੜ, ਸ਼ੱਕਰ, ਬਾਲਣ, ਦਾਣੇ ਇੱਕਠੇ ਕੀਤੇ ਤੇ ਨਾਲ ਹੀ ਜਿੰਨ੍ਹਾਂ ਦੇ ਨਵੇਂ ਵਿਆਹ ਹੋਏ ਸਨ ਜਾਂ ਜਿੰਨ੍ਹਾਂ ਦੇ ਮੁੰਡਾ ਜੰਮਿਆ ਸੀ, ਸਭ ਨੂੰ ਵਿਆਹ ਵਿੱਚ ਸ਼ਾਮਿਲ ਹੋਣ ਲਈ ਕਿਹਾ। ਸਭ ਲੋਕ ਸੁੰਦਰੀ ਤੇ ਮੁੰਦਰੀ ਦੇ ਵਿਆਹ ਤੇ ਇੱਕਠੇ ਹੋਏ। ਦੁੱਲੇ ਭੱਟੀ ਨੇ ਆਪਣੇ ਹੱਥੀਂ ਲੜਕੀਆਂ ਦੇ ਵਿਆਹ ਕੀਤੇ ਤੇ ਸੇਰ-ਸੇਰ ਸ਼ੱਕਰ ਪਾਈ।ਸੁੰਦਰ ਮੁੰਦਰੀ ਦੋਵੇਂ ਭੈਣਾਂ ਵਿਆਹੀਆਂ ਗਈਆਂ ਤੇ ਉਸ ਬ੍ਰਹਮਣ ਨੇ ਦੁੱਲੇ ਭੱਟੀ ਦਾ ਲੱਖ-ਲੱਖ ਧੰਨਵਾਦ ਕੀਤਾ। ਉਸ ਦਿਨ ਤੋਂ ਇਸੇ ਤਰ੍ਹਾਂ ਲੋਹੜੀ ਮਨਾਉਣ ਦਾ ਰਿਵਾਜ਼ ਪੈ ਗਿਆ।ਦੁੱਲਾ ਭੱਟੀ ਇੰਨ੍ਹਾਂ ਮਸ਼ਹੂਰ ਹੋ ਗਿਆ ਕਿ ਅੱਜ ਵੀ ਜਦ ਬੱਚੇ ਘਰਾਂ ਵਿੱਚੋਂ ਲੋਹੜੀ ਮੰਗਦੇ ਹਨ ਤਾਂ ਇਹ ਗੀਤ ਜਰੂਰ ਗਾਉਂਦੇ ਹਨ।

ਸੁੰਦਰ ਮੁੰਦਰੀਏ-ਹੋ
ਤੇਰਾ ਕੌਣ ਵਿਚਾਰਾ-ਹੋ
ਦੁੱਲਾ ਭੱਟੀ ਵਾਲਾ-ਹੋ
ਦੁੱਲੇ ਨੇ ਧੀ ਵਿਆਈ-ਹੋ
ਸੇਰ ਸ਼ੱਕਰ ਪਾਈ-ਹੋ
ਕੁੜੀ ਦਾ ਲਾਲ ਪਤਾਕਾ-ਹੋ
ਕੁੜੀ ਦਾ ਸਾਲੂ ਪਾਟਾ-ਹੋ
ਸਾਲੂ ਕੌਣ ਸਮੇਟੇ-ਹੋ
ਚਾਚਾ ਗਾਲੀ ਦੇਸੇ-ਹੋ
ਚਾਚੇ ਚੂਰੀ ਕੁੱਟੀ-ਹੋ
ਜ਼ਿੰਦੀਦਾਰਾਂ ਲੁੱਟੀ-ਹੋ
ਜ਼ਿਮੀਦਾਰ ਸੁਧਾਏ-ਹੋ
ਬਮ-ਬਮ ਭੋਲੇ ਆਏ-ਹੋ
ਇੱਕ ਭੋਲਾ ਰਹਿ ਗਿਆ-ਹੋ
ਸਿਪਾਹੀ ਫੜ ਕੇ ਲੈ ਗਿਆ-ਹੋ
ਸਿਪਾਹੀ ਨੇ ਮਾਰੀ ਇੱਟ-ਹੋ
ਭਾਵੇਂ ਰੋ ਭਾਵੇਂ ਪਿੱਟ-ਹੋ
ਸਾਨੂੰ ਦੇ ਦੇ ਲੋਹੜੀ-ਹੋ
ਤੇ ਤੇਰੀ ਜੀਵੇ ਜੋੜੀ-ਹੋ

ਲੋਹੜੀ ਤੋਂ ਦਸ ਪੰਦਰਾਂ ਦਿਨ ਪਹਿਲਾਂ ਮੁੰਡੇ ਕੁੜੀਆਂ (ਅੱਜ ਕੱਲ ਤਾਂ ਬੱਚੇ) ਟੋਲੀਆਂ ਬਣਾ ਕੇ ਘਰਾਂ ਵਿੱਚ ਜਾ ਕੇ ਲੋਹੜੀ ਮੰਗਦੇ ਹਨ ਤੇ ਲੋਹੜੀ ਨਾਲ ਸਬੰਧਿਤ ਗੀਤ ਗਾਉਂਦੇ ਹਨ। ਘਰਾਂ ਮੂਹਰੇ ਜਾ ਕੇ ਆਖਦੇ ਹਨ ਕਿ:

ਦੇਹ ਮਾਈ ਪਾਥੀ, ਤੇਰਾ ਪੁੱਤ ਚੜੂਗਾ ਹਾਥੀ।
ਦੇਹ ਮਾਈ ਲੋਹੜੀ, ਤੇਰਾ ਪੁੱਤ ਚੜੂਗਾ ਘੋੜੀ।

ਜਦ ਕੋਈ ਘਰ ਵਾਲਾ ਲੋਹੜੀ ਦੇਣ ਵਿੱਚ ਦੇਰ ਕਰਦਾ ਹੈ ਤਾਂ ਕਾਹਲ ਨੂੰ ਦਰਸਾਉਂਦੀਆਂ ਹੋਈਆਂ ਇਹ ਸਤਰਾਂ ਗਾਈਆਂ ਜਾਂਦੀਆਂ ਹਨ।

ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ।
ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਜਦ ਕੋਈ ਘਰ ਵਾਲਾ ਫਿਰ ਵੀ ਲੋਹੜੀ ਨਾ ਦੇਵੇ ਤਾਂ ਇਹ ਟੋਲੀਆਂ ਇਹ ਗਾਉਂਦੀਆਂ ਹੋਈਆਂ ਅਗਲੇ ਘਰ ਲਈ ਰਵਾਨਾ ਹੋ ਜਾਂਦੀਆਂ ਹਨ।

ਹੁੱਕਾ ਬਈ ਹੁੱਕਾ, ਇਹ ਘਰ ਭੁੱਖਾ।

ਲੋਹੜੀ ਵਾਲੀ ਰਾਤ ਜਿਸ ਘਰ ਨਵਾਂ ਵਿਆਹ ਹੋਵੇ ਜਾਂ ਮੁੰਡੇ ਦਾ ਜਨਮ ਹੋਇਆ ਹੋਵੇ ਦੇ ਸੱਦੇ ਤੇ ਕਿਸੇ ਖੁੱਲੇ ਥਾਂ ਤੇ ਲੱਕੜਾਂ ਦਾ ਢੇਰ ਲਗਾ ਕੇ ਅੱਗ ਬਾਲੀ ਜਾਂਦੀ ਹੈ ਤੇ ਸਾਰੇ ਲੋਕ ਉਸ ਅੱਗ ਦੁਆਲੇ ਇੱਕਠੇ ਹੋ ਜਾਂਦੇ ਹਨ ਤੇ ਮੂੰਗਫਲੀ ਰਿਉੜੀਆਂ, ਗੱਚਕਾਂ ਤੇ ਹੋਰ ਕਈ ਪਕਵਾਨ ਖਾਂਦੇ ਹਨ ਤੇ ਅੱਗ ਵਿੱਚ ਤਿਲ ਸੁੱਟ ਕੇ ਬੋਲਦੇ ਹਨ ਕਿ

ਈਸ਼ਰ ਆ, ਦਲਿੱਦਰ ਜਾ
ਦਲਿੱਦਰ ਦੀ ਜੜ੍ਹ ਚੁੱਲੇ ਪਾ

ਅੱਗ ਵਿੱਚ ਤਿਲ ਸੁੱਟਦੇ ਸਮੇਂ ਇਹ ਧਾਰਣਾ ਹੁੰਦੀ ਹੈ ਕਿ ਜਿੰਨੇ ਤਿਲ ਜਠਾਣੀ ਅੱਗ ਵਿੱਚ ਸੁੱਟੇਗੀ, ਉਨ੍ਹੇ ਹੀ ਦਰਾਣੀ ਮੁੰਡੇ ਜੰਮੇਗੀ।ਲੋਹੜੀ ਵਾਲੇ ਦਿਨ ਸਰੋਂ ਦਾ ਸਾਗ, ਮੱਕੀ ਦੀ ਰੋਟੀ, ਮੂਲੀ, ਗੰਨੇ, ਮੂੰਗਫਲੀ, ਰਿਉੜੀਆਂ, ਗੱਚਕ, ਭੁੱਗਾ, ਖਿੱਲਾਂ, ਖਜੂਰਾਂ, ਗੰਨੇ ਦੇ ਰਸ (ਰਹੂ ਦੀ ਖੀਰ) ਤੇ ਖਿੱਚੜੀ ਬਣਾਈ ਜਾਂਦੀ ਹੈ।ਅਗਲੇ ਦਿਨ ਮਾਘੀ ਤੇ ਖਾਦੀ ਜਾਂਦੀ ਹੈ। ਇਸੇ ਲਈ ਆਖਦੇ ਹਨ ਕਿ 'ਪੋਹ ਰਿੰਨੀ ਮਾਘ ਖਾਦੀ'।

ਪਰ ਕਈ ਲੋਕ ਇਸ ਦਿਨ ਸ਼ਰਾਬ ਪੀਦੇ ਤੇ ਮਾਸ ਦਾ ਸੇਵਨ ਕਰਦੇ ਹਨ ਤੇ ਪੁਰਾਣੀਆਂ ਦੁਸ਼ਮਣੀਆ ਕੱਢਦੇ ਹੋਏ, ਲੜਾਈ ਝਗੜੇ ਵੀ ਕਰਦੇ ਹਨ, ਜੋ ਕਿ ਬੇਹੱਦ ਮਾੜੀ ਗੱਲ ਹੈ।ਸਾਨੂੰ ਇਸ ਤਿਉਹਾਰ ਨੂੰ ਬੜੀ ਹੀ ਸਿਆਣਪ,ਸੂਝ-ਬੂਝ ਤੇ ਖੁਸ਼ੀਆਂ ਨਾਲ ਮਨਾਉਣਾ ਚਾਹੀਦਾ ਹੈ।ਪਰ ਅੱਜ ਕੱਲ ਇਹ ਲੋਹੜੀ ਦਾ ਤਿਉਹਾਰ ਸਿਰਫ ਸਕੂਲਾਂ ਕਾਲਜਾਂ ਦੀਆਂ ਸਟੇਜਾਂ ਤੱਕ ਹੀ ਸੀਮਤ ਰਹਿ ਗਿਆ ਹੈ।ਕਈ ਵਿਦਵਾਨ ਲੋਕਾਂ ਦੀ ਸਮਝ ਸਦਕਾ ਇਹ ਤਿਉਹਾਰ ਹੁਣ ਧੀਆਂ ਦੀ ਲੋਹੜੀ ਕਰਕੇ ਵੀ ਮਨਾਇਆ ਜਾਣ ਲੱਗਾ ਹੈ। ਧੀਆਂ ਮੁੰਡਿਆਂ ਨਾਲੋਂ ਕਿਸੇ ਪੱਖ ਤੋਂ ਘੱਟ ਨਹੀ ਹਨ।ਅੱਜ ਕੱਲ ਮਰਦ ਪ੍ਰਧਾਨ ਸਮਾਜ ਵਿੱਚ ਧੀਆਂ ਬਰਾਬਰਤਾ ਪਾ ਰਹੀਆਂ ਹਨ। ਧੀਆਂ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ ਤੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹ ਰਹੀਆਂ ਹਨ, ਚਾਹੇ ਉਹ ਖੇਡਾਂ ਦਾ ਖੇਤਰ ਚਾਹੇ ਪੜ੍ਹਾਈ ਦਾਖੇਤਰ, ਚਾਹੇ ਸੰਗੀਤ ਦਾ ਖੇਤਰ ਤੇ ਚਾਹੇ ਕੋਈ ਹੋਰ ਖੇਤਰ ਹੋਵੇ, ਹਰ ਖੇਤਰ ਵਿੱਚ ਧੀਆਂ ਨੇ ਮੱਲਾਂ ਮਾਰੀਆਂ ਹਨ। ਮੁੰਡਿਆਂ ਤੋਂ ਵੱਧ ਕੇ ਰੁਤਬੇ ਹਾਸਲ ਕੀਤੇ ਹਨ। ਕੰਮਪਿਊਟਰੀਕਰਨ ਦੇ ਇਸ ਯੁੱਗ ਵਿੱਚ ਸਾਨੂੰ ਆਪਣੀ ਰੂੜੀਵਾਦੀ ਸੋਚ ਨੂੰ ਛੱਡਣਾ ਪਵੇਗਾ।

ਅੱਜ ਦੇ ਜਮਾਨੇ ਵਿੱਚ ਧੀ ਪੁੱਤ ਵਿੱਚ ਕੋਈ ਫਰਕ ਨਹੀ ਰੱਖਣਾ ਚਾਹੀਦਾ। ਇੱਕ ਪੁੱਤ ਦੇ ਪੜ੍ਹਨ ਨਾਲ ਸਿਰਫ ਇੱਕ ਪੁੱਤ ਹੀ ਪੜ੍ਹਦਾ ਹੈ ਤੇ ਜਦ ਇੱਕ ਧੀ ਪੜ੍ਹਦੀ ਹੈ ਤਾਂ ਪੂਰਾ ਪਰਿਵਾਰ ਪੜ੍ਹ ਜਾਂਦਾ ਹੈ। ਭਰੂਣ ਹੱਤਿਆ ਵਰਗੇ ਬੱਜਰ ਗੁਨਾਹਾਂ ਤੋਂ ਤੋਬਾ ਕਰਨੀ ਹੋਵੇਗੀ। ਧੀ ਪੁੱਤਰ ਦੇ ਲਿੰਗ ਅਨੁਪਾਤ ਦਾ ਜੋ ਫਰਕ ਵਧਦਾ ਜਾ ਰਿਹਾ ਹੈ, ਇਸ ਨੂੰ ਰੋਕਣਾ ਅਤਿਅੰਤ ਜਰੂਰੀ ਹੈ ਤਾਂ ਹੀ ਲੋਹੜੀ ਵਰਗੇ ਤਿਉਹਾਰ ਮਨਾਉਣੇ ਸਭ ਲਈ ਸਾਰਥਕ ਹੋਣਗੇ ਤੇ ਆਉ ਸਾਰੇ ਰਲ ਕੇ ਇਹ ਪ੍ਰਣ ਕਰੀਏ ਕਿ ਅਸੀ ਅੱਜ ਤੋਂ ਧੀ ਅਤੇ ਪੁੱਤਰ ਵਿੱਚ ਕੋਈ ਫਰਕ ਨਾ ਕਰਕੇ ਇੱਕ ਵੱਖਰੀ ਮਿਸਾਲ ਕਾਇਮ ਕਰਾਂਗੇ ਤਾਂ ਹੀ ਲੋਹੜੀ ਮੁਬਾਰਕ ਹੋਵੇਗੀ ਜੇ ਪੁੱਤਰ ਦੇ ਬਰਾਬਰ ਧੀ ਦੀ ਵੀ ਲੋਹੜੀ ਮਨਾਵਾਂਗੇ।ਲੋਹੜੀ ਵਾਲੇ ਦਿਨ ਲੋਕੀਂ ਘਰਾਂ ਦੀਆਂ ਛੱਤਾਂ ਉੱਪਰ ਚੜ ਕੇ ਰੰਗ ਬਿਰੰਗੀਆਂ ਪਤੰਗਾਂ ਉਡਾਉਂਦੇ ਹਨ। ਕੋਠਿਆਂ ਉੱਪਰ ਸਪੀਕਰ ਲਾ ਕੇ ਕਿਸੇ ਦੂਜੇ ਦੀ ਪਤੰਗ ਬੋਅ ਹੋਣ ਤੇ ਉੱਚੀ-ਉੱਚੀ ਰੋਲਾ ਪਾਉਂਦੇ ਹਨ ਤੇ ਖੁਸ਼ੀਆਂ ਮਨਾਉਂਦੇ ਹਨ।

**-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ:ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**-143022

# ਦੁੱਲਾ ਭੱਟੀ ਵਾਲਾ-ਹੋ

ਜ਼ਿਮੀਦਾਰ ਸੁਧਾਏ-ਹੋ, ਬਮ-ਬਮ ਭੋਲੇ ਆਏ-ਹੋ
ਇੱਕ ਭੋਲਾ ਰਹਿ ਗਿਆ-ਹੋ, ਸਿਪਾਹੀ ਫੜ ਕੇ ਲੈ ਗਿਆ-ਹੋ
ਸਿਪਾਹੀ ਨੇ ਮਾਰੀ ਇੱਟ-ਹੋ, ਭਾਵੇਂ ਰੋ ਭਾਵੇਂ ਪਿੱਟ-ਹੋ
ਸਾਨੂੰ ਦੇ ਦੇ ਲੋਹੜੀ-ਹੋ, ਤੇ ਤੇਰੀ ਜੀਵੇ ਜੋੜੀ-ਹੋ

ਲੋਹੜੀ ਤੋਂ ਦਸ ਪੰਦਰਾਂ ਦਿਨ ਪਹਿਲਾਂ ਮੁੰਡੇ ਕੁੜੀਆਂ (ਅੱਜ ਕੱਲ ਤਾਂ ਬੱਚੇ) ਟੋਲੀਆਂ ਬਣਾ ਕੇ ਘਰਾਂ ਵਿੱਚ ਜਾ ਕੇ ਲੋਹੜੀ ਮੰਗਦੇ ਹਨ ਤੇ ਲੋਹੜੀ ਨਾਲ ਸਬੰਧਿਤ ਗੀਤ ਗਾਉਂਦੇ ਹਨ। ਘਰਾਂ ਮੂਹਰੇ ਜਾ ਕੇ ਆਖਦੇ ਹਨ ਕਿ:

ਦੇਹ ਮਾਈ ਪਾਥੀ, ਤੇਰਾ ਪੁੱਤ ਚੜੂਗਾ ਹਾਥੀ।
ਦੇਹ ਮਾਈ ਲੋਹੜੀ, ਤੇਰਾ ਪੁੱਤ ਚੜੂਗਾ ਘੋੜੀ।

ਜਦ ਕੋਈ ਘਰ ਵਾਲਾ ਲੋਹੜੀ ਦੇਣ ਵਿੱਚ ਦੇਰ ਕਰਦਾ ਹੈ ਤਾਂ ਕਾਹਲ ਨੂੰ ਦਰਸਾਉਂਦੀਆਂ ਹੋਈਆਂ ਇਹ ਸਤਰਾਂ ਗਾਈਆਂ ਜਾਂਦੀਆਂ ਹਨ।

ਸਾਡੇ ਪੈਰਾਂ ਹੇਠ ਰੋੜ, ਸਾਨੂੰ ਛੇਤੀ ਛੇਤੀ ਤੋਰ।
ਸਾਡੇ ਪੈਰਾਂ ਹੇਠ ਸਲਾਈਆਂ, ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਜਦ ਕੋਈ ਘਰ ਵਾਲਾ ਫਿਰ ਵੀ ਲੋਹੜੀ ਨਾ ਦੇਵੇ ਤਾਂ ਇਹ ਟੋਲੀਆਂ ਇਹ ਗਾਉਂਦੀਆਂ ਹੋਈਆਂ ਅਗਲੇ ਘਰ ਲਈ ਰਵਾਨਾ ਹੋ ਜਾਂਦੀਆਂ ਹਨ।

ਹੁੱਕਾ ਬਈ ਹੁੱਕਾ, ਇਹ ਘਰ ਭੁੱਖਾ।

ਲੋਹੜੀ ਵਾਲੀ ਰਾਤ ਜਿਸ ਘਰ ਨਵਾਂ ਵਿਆਹ ਹੋਵੇ ਜਾਂ ਮੁੰਡੇ ਦਾ ਜਨਮ ਹੋਇਆ ਹੋਵੇ ਦੇ ਸੱਦੇ ਤੇ ਕਿਸੇ ਖੁੱਲੇ ਥਾਂ ਤੇ ਲੱਕੜਾਂ ਦਾ ਢੇਰ ਲਗਾ ਕੇ ਅੱਗ ਬਾਲੀ ਜਾਂਦੀ ਹੈ ਤੇ ਸਾਰੇ ਲੋਕ ਉਸ ਅੱਗ ਦੁਆਲੇ ਇੱਕਠੇ ਹੋ ਜਾਂਦੇ ਹਨ ਤੇ ਮੂੰਗਫਲੀ ਰਿਉੜੀਆਂ, ਗੱਚਕਾਂ ਤੇ ਹੋਰ ਕਈ ਪਕਵਾਨ ਖਾਂਦੇ ਹਨ ਤੇ ਅੱਗ ਵਿੱਚ ਤਿਲ ਸੁੱਟ ਕੇ ਬੋਲਦੇ ਹਨ ਕਿ

ਈਸ਼ਰ ਆ, ਦਲਿੱਦਰ ਜਾ
ਦਲਿੱਦਰ ਦੀ ਜੜ੍ਹ ਚੁੱਲੇ ਪਾ

ਕੰਮਪਿਊਟਰੀਕਰਨ ਦੇ ਇਸ ਯੁੱਗ ਵਿੱਚ ਸਾਨੂੰ ਆਪਣੀ ਰੂੜੀਵਾਦੀ ਸੋਚ ਨੂੰ ਛੱਡਣਾ ਪਵੇਗਾ। ਅੱਜ ਦੇ ਜਮਾਨੇ ਵਿੱਚ ਧੀ ਪੁੱਤ ਵਿੱਚ ਕੋਈ ਫਰਕ ਨਹੀ ਰੱਖਣਾ ਚਾਹੀਦਾ। ਇੱਕ ਪੁੱਤ ਦੇ ਪੜ੍ਹਨ ਨਾਲ ਸਿਰਫ ਇੱਕ ਪੁੱਤ ਹੀ ਪੜ੍ਹਦਾ ਹੈ ਤੇ ਜਦ ਇੱਕ ਧੀ ਪੜ੍ਹਦੀ ਹੈ ਤਾਂ ਪੂਰਾ ਪਰਿਵਾਰ ਪੜ੍ਹ ਜਾਂਦਾ ਹੈ। ਭਰੂਣ ਹੱਤਿਆ ਵਰਗੇ ਬੱਜਰ ਗੁਨਾਹਾਂ ਤੋਂ ਤੋਬਾ ਕਰਨੀ ਹੋਵੇਗੀ। ਧੀ ਪੁੱਤਰ ਦੇ ਲਿੰਗ ਅਨੁਪਾਤ ਦਾ ਜੋ ਫਰਕ ਵਧਦਾ ਜਾ ਰਿਹਾ ਹੈ, ਇਸ ਨੂੰ ਰੋਕਣਾ ਅਤਿਅੰਤ ਜਰੂਰੀ ਹੈ ਤਾਂ ਹੀ ਲੋਹੜੀ ਵਰਗੇ ਤਿਉਹਾਰ ਮਨਾਉਣੇ ਸਭ ਲਈ ਸਾਰਥਕ ਹੋਣਗੇ ਤੇ ਆਉ ਸਾਰੇ ਰਲ ਕੇ ਇਹ ਪ੍ਰਣ ਕਰੀਏ ਕਿ ਅਸੀ ਅੱਜ ਤੋਂ ਧੀ ਅਤੇ ਪੁੱਤਰ ਵਿੱਚ ਕੋਈ ਫਰਕ ਨਾ ਕਰਕੇ ਇੱਕ ਵੱਖਰੀ ਮਿਸਾਲ ਕਾਇਮ ਕਰਾਂਗੇ ਤਾਂ ਹੀ ਲੋਹੜੀ ਮੁਬਾਰਕ ਹੋਵੇਗੀ ਜੇ ਪੁੱਤਰ ਦੇ ਬਰਾਬਰ ਧੀ ਦੀ ਵੀ ਲੋਹੜੀ ਮਨਾਵਾਂਗੇ।ਲੋਹੜੀ ਵਾਲੇ ਦਿਨ ਲੋਕੀਂ ਘਰਾਂ ਦੀਆਂ ਛੱਤਾਂ ਉੱਪਰ ਚੜ ਕੇ ਰੰਗ ਬਿਰੰਗੀਆਂ ਪਤੰਗਾਂ ਉਡਾਉਂਦੇ ਹਨ। ਕੋਠਿਆਂ ਉੱਪਰ ਸਪੀਕਰ ਲਾ ਕੇ ਕਿਸੇ ਦੂਜੇ ਦੀ ਪਤੰਗ ਬੋਅ ਹੋਣ ਤੇ ਉੱਚੀ-ਉੱਚੀ ਰੋਲਾ ਪਾਉਂਦੇ ਹਨ ਤੇ ਖੁਸ਼ੀਆਂ ਮਨਾਉਂਦੇ ਹਨ। ਅੱਗ ਵਿੱਚ ਤਿਲ ਸੁੱਟਦੇ ਸਮੇਂ ਇਹ ਧਾਰਣਾ ਹੁੰਦੀ ਹੈ ਕਿ ਜਿੰਨੇ ਤਿਲ ਜਠਾਣੀ ਅੱਗ ਵਿੱਚ ਸੁੱਟੇਗੀ, ਉਨ੍ਹੇ ਹੀ ਦਰਾਣੀ ਮੁੰਡੇ ਜੰਮੇਗੀ।ਲੋਹੜੀ ਵਾਲੇ ਦਿਨ ਸਰੋਂ ਦਾ ਸਾਗ, ਮੱਕੀ ਦੀ ਰੋਟੀ, ਮੂਲੀ, ਗੰਨੇ, ਮੂੰਗਫਲੀ, ਰਿਉੜੀਆਂ, ਗੱਚਕ, ਭੁੱਗਾ, ਖਿੱਲਾਂ, ਖਜੂਰਾਂ, ਗੰਨੇ ਦੇ ਰਸ (ਰਹੂ ਦੀ ਖੀਰ) ਤੇ ਖਿੱਚੜੀ ਬਣਾਈ ਜਾਂਦੀ ਹੈ।ਅਗਲੇ ਦਿਨ ਮਾਘੀ ਤੇ ਖਾਦੀ ਜਾਂਦੀ ਹੈ। ਇਸੇ ਲਈ ਆਖਦੇ ਹਨ ਕਿ 'ਪੋਹ ਰਿੰਨੀ ਮਾਘ ਖਾਦੀ'। ਪਰ ਕਈ ਲੋਕ ਇਸ ਦਿਨ ਸ਼ਰਾਬ ਪੀਦੇ ਤੇ ਮਾਸ ਦਾ ਸੇਵਨ ਕਰਦੇ ਹਨ ਤੇ ਪੁਰਾਣੀਆਂ ਦੁਸ਼ਮਣੀਆ ਕੱਢਦੇ ਹੋਏ, ਲੜਾਈ ਝਗੜੇ ਵੀ ਕਰਦੇ ਹਨ, ਜੋ ਕਿ ਬੇਹੱਦ ਮਾੜੀ ਗੱਲ ਹੈ।ਸਾਨੂੰ ਇਸ ਤਿਉਹਾਰ ਨੂੰ ਬੜੀ ਹੀ ਸਿਆਣਪ, ਸੂਝ-ਬੂਝ ਤੇ ਖੁਸ਼ੀਆਂ ਨਾਲ ਮਨਾਉਣਾ ਚਾਹੀਦਾ ਹੈ।ਪਰ ਅੱਜ ਕੱਲ ਇਹ ਲੋਹੜੀ ਦਾ ਤਿਉਹਾਰ ਸਿਰਫ ਸਕੂਲਾਂ ਕਾਲਜਾਂ ਦੀਆਂ ਸਟੇਜਾਂ ਤੱਕ ਹੀ ਸੀਮਤ ਰਹਿ ਗਿਆ ਹੈ।ਕਈ ਵਿਦਵਾਨ ਲੋਕਾਂ ਦੀ ਸਮਝ ਸਦਕਾ ਇਹ ਤਿਉਹਾਰ ਹੁਣ ਧੀਆਂ ਦੀ ਲੋਹੜੀ ਕਰਕੇ ਵੀ ਮਨਾਇਆ ਜਾਣ ਲੱਗਾ ਹੈ। ਧੀਆਂ ਮੁੰਡਿਆਂ ਨਾਲੋਂ ਕਿਸੇ ਪੱਖ ਤੋਂ ਘੱਟ ਨਹੀ ਹਨ। ਅੱਜ ਕੱਲ ਮਰਦ ਪ੍ਰਧਾਨ ਸਮਾਜ ਵਿੱਚ ਧੀਆਂ ਬਰਾਬਰਤਾ ਪਾ ਰਹੀਆਂ ਹਨ। ਧੀਆਂ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ ਤੇ ਤਰੱਕੀ ਦੀਆਂ ਮੰਜ਼ਿਲਾਂ ਨੂੰ ਛੂਹ ਰਹੀਆਂ ਹਨ, ਚਾਹੇ ਉਹ ਖੇਡਾਂ ਦਾ ਖੇਤਰ ਚਾਹੇ ਪੜ੍ਹਾਈ ਦਾ ਖੇਤਰ, ਚਾਹੇ ਸੰਗੀਤ ਦਾ ਖੇਤਰ ਤੇ ਚਾਹੇ ਕੋਈ ਹੋਰ ਖੇਤਰ ਹੋਵੇ, ਹਰ ਖੇਤਰ ਵਿੱਚ ਧੀਆਂ ਨੇ ਮੱਲਾਂ ਮਾਰੀਆਂ ਹਨ। ਮੁੰਡਿਆਂ ਤੋਂ ਵੱਧ ਕੇ ਰੁਤਬੇ ਹਾਸਲ ਕੀਤੇ ਹਨ।

**-ਧਰਮਿੰਦਰ ਸਿੰਘ (ਚੱਬਾ), ਪਿੰਡ ਤੇ ਡਾਕ:ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

# ਬਾਦਲਕੇ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਗਈ 7 ਮੈਂਬਰੀ ਕਮੇਟੀ ਨੂੰ ਨਜ਼ਰ ਅੰਦਾਜ਼ ਕਰਕੇ ਅਕਾਲ ਤਖ਼ਤ ਨਾਲ਼ ਮੱਥਾ ਲਾ ਰਹੇ ਹਨ : ਮਨਜੀਤ ਸਿੰਘ ਭੋਮਾ

**ਨਵੀਂ ਦਿੱਲੀ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਪ੍ਰੈਸ ਬਿਆਨ ਰਾਹੀਂ ਬਾਦਲ ਦਲੀਆਂ ਤੇ ਦੋਸ਼ ਲਾਇਆ ਹੈ ਉਹ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਦੋ ਦਸੰਬਰ ਨੂੰ ਹੋਏ ਆਦੇਸ਼ ਨੂੰ ਵਾਰ ਵਾਰ ਵੰਗਾਰ ਕੇ ਅਕਾਲ ਤਖ਼ਤ ਨਾਲ਼ ਮੱਥਾ ਲਾ ਰਹੇ ਹਨ ।ਇੱਕ ਵਾਰ ਫਿਰ ਸ੍ਰੀ ਅਕਾਲ ਤਖਤ ਸਾਹਿਬ ਤੋਂ ਭਗੌੜੇ ਹੋਣ ਬਾਰੇ ਗੱਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਦੇ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮਨਾਮੇ ਨੂੰ ਸੁਖਬੀਰ ਬਾਦਲ ਅਤੇ ਉਸਦੀ ਜੁੰਡਲੀ ਚਤੁਰ ਚਤੁਰਾਈਆਂ ਨਾਲ ਕਿਸ਼ਤਾਂ ਨਾਲ਼ ਲਾਗੂ ਕਰ ਰਹੀ ਹੈ। ਜੋ ਕਦੇ ਵੀ ਖਾਲਸਾ ਪੰਥ ਨੂੰ ਪ੍ਰਵਾਨ ਨਹੀਂ ਹੋਵੇਗਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਜੀ ਵੱਲੋਂ 2 ਦਸੰਬਰ ਦੇ ਆਦੇਸ਼ ਨੂੰ ਇਨ ਬਿਨ ਲਾਗੂ ਕਰਨ ਦਾ ਪੈਗਾਮ ਦਿੱਤਾ ਗਿਆ ਸੀ। ਪਰ ਅਕਾਲੀ ਦਲ ਬਾਦਲ ਦੀ ਜੁੰਡਲੀ ਆਨਾ ਕਾਨੀ ਕਰਕੇ ਆਦੇਸ਼ ਮੰਨਣ ਤੋਂ ਇਨਕਾਰੀ ਹੋ ਰਹੀ ਹੈ। ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਨੇ ਪੰਥ ਦੀ ਗੱਡੀ ਖਤਾਨਾਂ ਵਿੱਚ ਸੁੱਟ ਦਿੱਤੀ ਹੈ ਪਰ ਹਾਲੇ ਤੱਕ ਕੰਧ ਤੇ ਲਿਖਿਆ ਨਹੀਂ ਪੜ੍ਹ ਰਹੇ। ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਨਾਲ ਬਾਕੀ ਲੀਡਰਸ਼ਿਪ ਦੇ ਅਸਤੀਫੇ ਵੀ ਪ੍ਰਵਾਨ ਕਰਨ ਦਾ ਆਦੇਸ਼ ਕੀਤਾ ਗਿਆ ਸੀ। ਪਰ ਉਹ ਪ੍ਰਵਾਨ ਨਹੀਂ ਕੀਤੇ ਗਏ ।ਉਹਨਾ ਕਿਹਾ ਕਿ ਸੱਤ ਮੈਂਬਰੀ ਕਮੇਟੀ ਹੀ ਅਕਾਲੀ ਦਲ ਦੇ ਡੈਲੀਗੇਟ ਦੀ ਭਰਤੀ ਕਰ ਸਕਦੀ ਹੈ ਪਰ ਅਕਾਲੀ ਜੁੰਡਲੀ ਨੇ ਆਪਣੇ ਆਪ ਹੀ ਡੈਲੀਗੇਟ ਭਰਤੀ ਕਰਨ ਲਈ ਡਿਊਟੀਆਂ ਲਗਾ ਕੇ ਹੁਕਮਨਾਮੇ ਦੀ ਉਲੰਘਣਾ ਹੀ ਨਹੀਂ ਕੀਤੀ ਸਗੋਂ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵ ਉੱਚਤਾ ਨੂੰ ਠੇਸ ਵੀ ਪਹੁੰਚਾਇਆ ਹੈ ਤੇ ਚੈਲੰਜ ਵੀ ਕੀਤਾ ਹੈ।ਇਹ ਜੁੰਡਲੀ ਅਕਾਲੀ ਅਖਵਾਉਣ ਦਾ ਨੈਤਿਕ ਹੱਕ ਵੀ ਗਵਾ ਚੁੱਕੀ ਹੈ। ਜਥੇਦਾਰ ਸਾਹਿਬ ਨੂੰ ਇਸ ਦਾ ਸਖਤ ਨੋਟਿਸ ਲੈਣਾ ਚਾਹੀਦਾ ਹੈ। ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਅੱਜ ਵੀ ਸਟੈਂਡ ਕਰਦੀ ਹੈ ।ਫ਼ਿਰ ਕਿਸ ਅਧਾਰ ਤੇ ਅਕਾਲੀ ਦਲ ਬਾਦਲ ਵਲੋਂ ਭਰਤੀ ਕਰਨ ਲਈ ਦੀਆਂ ਅਕਾਲੀ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ?ਕੀ ਦਲਜੀਤ ਸਿੰਘ ਚੀਮਾ ਇਸ ਦਾ ਉੱਤਰ ਦੇ ਸਕਦਾ ਹੈ ? ਕੀ ਧਾਮੀ ਸਾਹਿਬ ਜੋ ਸੱਤ ਮੈਂਬਰੀ ਕਮੇਟੀ ਦੇ ਚੇਅਰਮੈਨ ਹਨ ਕੀ ਕਮੇਟੀ ਦੀ ਮੀਟਿੰਗ ਬੁਲਾਉਣਗੇ? ਜੇ ਨਹੀਂ ਬੁਲਾਉਣਗੇ ਤਾਂ ਫਿਰ ਧਾਮੀ ਸਾਹਿਬ ਵੀ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਉਲੰਘਣਾ ਕਰ ਰਹੇ ਹਨ। ਦੂਸਰੇ ਪਾਸੇ ਧਾਮੀ ਸਾਹਿਬ ਨੇ ਜਥੇਦਾਰ ਅਕਾਲ ਤਖ਼ਤ ਦੇ ਅਧਿਕਾਰ ਖੇਤਰ ਨੂੰ ਚੈਲੰਜ ਕਰਕੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਾਂਚ ਕਰਨ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਹੈ ਜਿਸਦਾ ਧਾਮੀ ਸਾਹਿਬ ਕੋਲ਼ ਪੰਜ ਸਿੰਘ ਸਾਹਿਬਾਨਾਂ ਵਿਰੁੱਧ ਜਾਂਚ ਕਰਨ ਦਾ ਕੋਈ ਅਧਿਕਾਰ ਹੀ ਨਹੀਂ ਜਿਸਦਾ ਜਥੇਦਾਰ ਸਾਹਿਬ ਵਿਰੋਧ ਵੀ ਕਰ ਚੁੱਕੇ ਹਨ ਪਰ ਹਾਲੇ ਤੱਕ ਧਾਮੀ ਸਾਹਿਬ ਨੇ ਉਹ ਕਮੇਟੀ ਭੰਗ ਵੀ ਨਹੀਂ ਕੀਤੀ ।ਜਿਸਦਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨੋਟਿਸ ਲੈਣਾ ਚਾਹੀਦਾ ਹੈ।



# ਮੰਦੀ ਭਾਸ਼ਾ ਅਤੇ ਅਸਭਿਅਕ ਸਿੱਖ ਅਦਾਰੇ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਇੱਕ ਵੀਡੀਓ ਵਿੱਚ ਉਤਰ ਦਿੰਦਿਆਂ , ਤਲਖੀ ਵਿੱਚ ਆ ਕੇ 'ਸਾਲਾ/ਸਾਲੇ' ਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ।ਇਸ ਗਾਲ ਜਿਹੀ ਨਿੰਦਨ ਯੋਗ ਭਾਸ਼ਾ ਤੇ ਉਹਨਾਂ ਗਲਤੀ ਨਹੀਂ ਮੰਨੀ ।ਸਗੋਂ ਬੜੇ ਆਕੜ ਜਿਹੇ ਢੰਗ ਨਾਲ ਕਹਿ ਦਿੱਤਾ ਕਿ ,ਅਸੀਂ ਮਲਵਈ ਹੁੰਨੇ ਆਂ , ਸਾਲਾ ਸ਼ਬਦ ਸੁਭਾਵਕ ਹੀ ਨਿਕਲ ਜਾਂਦਾ ਹੈ । ਆਪਣੀ ਉਪੱਧਰ, ਅਪਰਾਧਕ ਜਿਹੀ ਬੋਲੀ ਨੂੰ ਮਾਲਵੇ ਦੇ ਲੋਕਾਂ ਸਿਰ ਪੱਲਾ ਝਾੜ ਕੇ ਲੋਕਾਂ ਨੂੰ ਆਪਣੇ ਖੁਦ ਦੇ ਹੀ ਦੋਸ਼ ਨਾਲ ਬੰਨ ਦਿੱਤਾ ਅਕਾਲ ਤਖ਼ਤ ਤੇ ਹੋਰ ਤਖ਼ਤਾਂ ਤੇ ਰਹਿ ਚੁੱਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਕਿਹੋ ਜਿਹੇ ਗੁਣਾਂ ਨੂੰ ਪੱਲੇ ਬੰਨੀ ਫਿਰਦੇ ਹਨ ,ਹਰ ਸਿਖ ਸ਼ਰਮਸਾਰ ਹੈ ।ਕਈ ਦਹਾਕੇ ਪਹਿਲਾਂ ਸਿੱਖ ਕੌਮ ਦੇ ਉੱਘੇ ਇਤਿਹਾਸਕਾਰ ਸਰਦਾਰ ਪ੍ਰਿੰਸੀਪਲ ਗੰਗਾ ਸਿੰਘ ਨੇ ਇੱਕ ਬੜੀ ਸੁਚੱਜੀ ਕਿਤਾਬ ਲਿਖੀ ਸੀ ।ਉਸ ਦਾ ਸਿਰਲੇਖ ਹੈ "ਵਿੱਚ ਜਨਤਾ ਕਿਵੇਂ ਬੋਲੀਏ" ?ਜੇਕਰ ਇਹ ਕਿਤਾਬ ਗਿਆਨੀ ਹਰਪ੍ਰੀਤ ਸਿੰਘ ਤੇ ਹੋਰ ਆਗੂ ਪੜਨ ਤਦ ਉਹਨਾਂ ਦੀ ਬੋਲੀ ਪੱਖੋਂ ਅਨਪੜਤਾ ਦੂਰ ਹੋ ਸਕਦੀ ਹੈ ।ਕਿਉਂਕਿ ਹਰ ਆਏ ਦਿਨ ਕੋਈ ਨਾ ਕੋਈ ਸਿੱਖ ਆਗੂ ਜਾਂ ਮੀਡੀਏ ਦੇ ਮੋਹਰੀ ਅਜਿਹੇ ਹੀ ਬੇਗੈਰਤ ਸ਼ਬਦ ਬੋਲ ਕੇ ਗੁਰੂ ਦੀ ਸਿੱਖੀ ਨੂੰ ਬਦਨਾਮ ਕਰਦੇ ਹਨ ।ਇਸੇ ਤਰਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ ਹਰਜਿੰਦਰ ਸਿੰਘ ਧਾਮੀ ਨੇ ਆਪਣੇ ਹੀ ਰਹਿ ਚੁੱਕੇ ਪ੍ਰਧਾਨ ( ਬੀਬੀ) ਤੇ ਜੋ ਅੱਤ ਨੀਵੀਂ ਪੱਧਰ ਦੇ ਬੋਲ ਬੋਲੇ , ਬੜਾ ਹੀ ਘਟੀਆਪਨ ਹੈ ।ਕੁਝ ਹਫ਼ਤੇ ਪਹਿਲਾਂ ਅਮਰੀਕਾ/ਕੈਨੇਡਾ ਵਿੱਚ ਇੱਕ ਸਤਲੁਜ ਨਾਮ ਹੇਠ ਪਰਚਲਤ ਮੀਡੀਏ ਦੇ ਮੋਹਰੀ ਸ੍ਰ ਸੁਰਿੰਦਰ ਸਿੰਘ ਨੇ ਕੁਝ ਦਾਨੇ ਤੇ ਅੰਮਿਰਤਧਾਰੀ ਸਿੱਖਾਂ ਨੂੰ ਸੰਬੋਧਤ ਕੀਤਾ, ਜੋ ਗੁਰਦਾਸ ਮਾਨ ਦਾ ਵਿਰੋਧ ਕਰ ਰਹੇ ਸਨ ।ਸੁਰਿੰਦਰ ਸਿੰਘ ਦੀ ਸਪੀਚ ਸੀ – " ਉਏ ਲਾਡੀ ਦੇ ਚੇਲੇ , ਗੁਰਦਾਸ ਮਾਨਾ, ਆ ਨਿਕਲ ਬਾਹਰ , ਮੈਂ ਤੈਨੂੰ ਗੁਰੂ ਦਾ ਸੱਚਾ ਸੁੱਚਾ ਸਿੱਖ ,ਲਲਕਾਰਦਾ ਹਾਂ , ਗੁਰਦਾਸ ਮਾਨਾ ਤੂੰ ਕਹਿੰਨਾ ਤੈਨੂੰ ਲੋਕ ਗੰਦੀਆਂ ਗਾਲਾਂ ਕੱਢਦੇ ਆ , ਅਸੀਂ ਜਦੋਂ ਕੰਜਰਾਂ ਦੇ ਆਏ ਆਂ , ਤੇ ਕੰਜਰ ਬਣ ਕੇ ਅਏ ਆਂ , ਇੱਥੇ ਅਸੀਂ ਕੋਈ ਪੂਜਾ ਥੋਹੜੀ ਕਰਨ ਆਏ ਆਂ ?" ਸ੍ਰ ਸੁਰਿੰਦਰ ਸਿੰਘ ਪ੍ਰਭਾਵਤ ਸਰਦਾਰ ਚਿਹਰਾ ਹੈ , ਪੰਜਾਬ ਦੇ ਮਸ਼ਹੂਰ ਚਿੰਤਤ ਮੀਡੀਆ ਪੱਤਰਕਾਰ ਕੰਵਲ ਸੰਧੂ ਦੇ ਨਿਕਟ ਵਰਤੀ ਹਨ ।ਸੱਚੇ ਸਿਖ ਨੂੰ ਕਲੇਮ ਕਰਦੇ ਦੀ ਬੋਲੀ ਕਿ ਅਸੀ ਕੰਜਰਾਂ ਦੇ ਕੰਜਰ ਆਏ ਹਾਂ ।ਉਸ ਮੁਜਿਹਰੇ ਵਿੱਚ ਅੰਮ੍ਰਿਤਧਾਰੀ ਸਿਆਣੇ ਬਜ਼ੁਰਗ ਖੜੇ ਹਨ ।ਪਿੱਛੇ ਵੱਡਾ ਪੋਸਟਰ ਲੱਗਾ ਹੈ , ਜੋ ਅਕਾਲੀ ਦਲ ,ਦਾ ਤੇ ਵੱਡੀ ਫੋਟੋ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਲੱਗੀ ਹੋਈ ਹੈ ।ਪਰ ਇਹ ਸਿੱਖ ਵਿਰੋਧੀ ਬੋਲੀ , ਅਪਸ਼ਬਦਾਂ ਦੀ ਬੁਛਾੜ ਹਰ ਪਾਸਿਓਂ ਸਿੱਖਾਂ ਨੂੰ ਬੋਲਣ ਲਈ ਇਹ ਮੋਹਰੀ ਅਗਵਾਈ ਕਰ ਰਹੇ ਹਨ ।ਕੀ ਇਹ ਸੰਤ ਜਰਨੈਲ ਸਿੰਘ , ਸ਼ਹੀਦਾਂ ਤੇ ਸਿੱਖ ਇਤਿਹਾਸਕ ਵਿਰਸੇ ਨੂੰ ਬਦਨਾਮ ਕਰਨ ਲਈ ਜਾਣ ਬੁਝ ਕੇ ਹੀ ਤਾਂ ਕੀਤਾ ਜਾ ਰਿਹਾ ਹੈ ।ਅਜਿਹੇ ਹੀ ਲੋਕ ਪੰਥ ਵਿਰੋਧੀ , ਦੇਸ਼ ਬਦੇ.ਸ਼ ਦੀਆਂ ਏਜੰਸੀਆਂ ਦੇ ਵਿਕੇ ਸਿੱਖ ਵਿਰੋਧੀ ਹਨ ।ਸਿੱਖਾਂ ਨੂੰ ਚੰਗੇ ਸਿਖ/ਆਗੂ ਦੀ ਪਹਿਚਾਣ ਰੱਖਣੀ ਚਾਹੀਦੀ ਹੈ ।ਪੰਜਾਬ ਵਿੱਚ ਨਕਲੀ / ਨਮੂੰਨੇ ਬਾਜ, ਹੈਂਕੜ ਤੇ ਗਾਲੀ ਗਲੋਚ ਦਾ ਕਲਚਰ ਬਹੁਤ ਹੱਦ ਤੱਕ ਵਰਤਿਆ ਜਾ ਰਿਹਾ ਹੈ ।ਸਿਖ ਨੂੰ ਦੂਸਰੇ ਸਿਖ ਵਿਰੁੱਧ ਇਸੇ ਅਕ੍ਰਿਤਘਣ ਬੋਲੀ ਨਾਲ ਨ.ਫਰਤ ਦੀ ਝੋਲੀ ਵਿੱਚ ਧੱਕਿਆ ਦਾ ਰਿਹਾ ਹੈ ।ਮੀਡੀਏ ਦਾ ਗਲਤ ਢੰਗ ਵਰਤ ਪਿੱਛੇ ਜਿਹੇ ਖਡੂਰ ਸਾਹਿਬ ਦੀਆਂ ਚੋਣਾਂ ਵਿੱਚ ਅਜਿਹੇ ਕਿਸਮ ਦਾ ਦੁਰਵਿਵਹਾਰ ਭਾਰੀ ਰਿਹਾ ।ਨਵੇਂ ਦੌਰ ਨੂੰ ਦਸਦੇ ਲੋਕ , ਨਕਲੀ ਪੁਣੇ ਦਾ ਚੋਲਾ ਪਾ ਕੇ , ਸ਼ਹੀਦੀ ਵਿਰਾਸਤਾਂ ਦੀ ਵੀ ਨਕਲ ਕਰਦੇ ਰਹੇ ।ਸਿਖ ਇਤਿਹਾਸਕ ਵਿਰਸੇ ਤੇ ਗੁਰੂ ਕਾਲ ਦੇ ਇਤਿਹਾਸ ਦੇ ਵਿਰੁੱਧ ਪ੍ਰਚਾਰ ਇਸੇ ਤਰਾਂ ਦਾ ਕੀਤਾ ਜਾ ਰਿਹਾ ਹੈ ।ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਜਾਲਮ ਔਰੰਗਜ਼ੇਬ ਨੂੰ ਵੀ " ਜ਼ਫਰਨਾਮਾ" ਲਿਖਣ ਸਮੇਂ ਗੁਰੂ ਬੋਲੀ ਵਿੱਚ ਆਧਾਰ ਨੂੰ ਸਰਵਉੱਚ ਅਸਥਾਨ ਦਿੱਤਾ ਹੈ ।ਜੇ ਸਿਖ ਆਪਣੇ ਗੁਰੂਆਂ ਦਾ ਇਤਿਹਾਸ ਤੇ ਘੱਲੂਘਾਰਿਆਂ ਦੇ ਦੌਰ , ਸਿਖ ਵਿਰਾਸਤਾਂ ਦੀ ਪ੍ਰਾਪਤੀ ਨੂੰ ਗਹੁ ਨਾਲ ਪੜਨ ,ਤਦ ਇਹ ਉਪਰੋਕਤ ਪੈਦਾ ਹੋ ਚੁੱਕੇ ਟੋਲਿਆਂ ਦੇ ਉਪਦਰਪੁਣੇ ਤੋ ਕਿਨਾਰਾ ਕਰ ਸਕਣਗੇ ।ਸਿਖ ਦੀ ਬੋਲੀ , ਉਸ ਦਾ ਸਦਾਚਾਰ ਤਾਂ ਸੱਤ ਬਚਨ , ਬੋਲੇ ਸੋ ਨਿਹਾਲ , ਸੱਤ ਸ੍ਰੀ ਅਕਾਲ ਹੈ ।ਜੋ "ਵਾਹਿਗੁਰੂ ਜੀ ਕਾ ਖ਼ਾਲਸਾ , ਵਾਹਿਗੁਰੂ ਜੀ ਕੀ ਫਤਹਿ " ਤੇ ਹੀ ਆਧਾਰਤ ਹੈ ।ਮੁਗ.ਲਾਣੀ ਤੇ ਰੰਗੜ ਬੋਲੀ ਤੋ ਛੁਟਕਾਰਾ ਪਾਉਣਾ ਸਿੱਖ ਤੇ ਸਿੱਖ ਪਰਵਾਰਾਂ ਲਈ ਜ਼ਰੂਰੀ ਹੋ ਗਿਆ ਹੈ ।ਪੱਛਮੀ ਦੇਸ਼ਾਂ ਵਿਚ ਸਿਆਸੀ , ਸਮਾਜਿਕ , ਚੰਗੇ ਸੱਭਿਆਚਾਰ ਦਾ ਵਤੀਰਾ ਬਹੁਤ ਚੰਗਾ ਹੈ ।ਸਿੱਖਾਂ ਦੀ ਵੀ ਇਸ ਪੱਖੋਂ ਚੰਗੀ ਤਸਵੀਰ ਜਾਣੀ ਜਾਂਦੀ ਹੈ ।ਅਜਿਹੇ ਮਾਹੌਲ ਨੂੰ ਕੰਜਰ ਬੋਲੀ ਤੇ ਰੰਗੜਾਊ ਕਥਨੀ ਦੇ ਲੋਕ ਖਰਾਬ ਕਰਦੇ ਹੋਏ , ਸਭ ਨੂੰ ਬਦਨਾਮ ਕਰ ਰਹੇ ਹਨ ।

ਸਿਖ ਚਿਹਰੇ ਹੋਣ ਦੇ ਬਾਵਜੂਦ , ਜੇ ਇਹਨਾਂ ਕੋਲ ਗੁਰੂ ਸਿੱਧਾਂਤ ਦੀ ਬੋਲੀ ਨਹੀਂ ਹੈ ਤਦ ਇਹ ਬਹਿਰੂਪੀਏ ਹਨ ।ਅੱਜ ਜਦ ਇਹੀ ਲੋਕ ਕਿਸੇ ਸਿਧਾਂਤ ਡਸਿਪਲਨ ਦੇ ਧਾਰਨੀ ਨਹੀਂ ਹਨ ।ਇਹ ਸਿਖ ਤੇ ਪੰਜਾਬੀਆਂ ਦੀ ਆਉਣ ਵਾਲੀਆਂ ਨਸਲਾਂ ਵਿੱਚ ਭੜਕਾਊ, ਗੰਦੀ ਬੋਲੀ ਦਾ ਕਲਚਰ ਪੈਦਾ ਕਰਨ ਵਾਲੇ ਕਲੰਕੀ ਹਨ ।ਜਿਹਨਾਂ ਸੁਚੱਜੇ ਇਤਿਹਾਸਕਾਰਾਂ ਤੇ ਆਗੂਆਂ ਨੇ ਆਪਣੀਆਂ ਲਿਖਤਾਂ ਵਿੱਚ ਸਿੱਖਾਂ ਨੂੰ ਆਗਾਹ ਕੀਤਾ ਕਿ ਉਹ ਮੁਗ.ਲਾਣੀ ਤੇ ਰੰਗੜ ਪੁਣੇ ਤੋ ਬਚਣਾ ਹੈ ।ਪ੍ਰਿੰਸੀਪਲ ਗੰਗਾ ਸਿੰਘ ਦੀ ਉਪਰੋਕਤ ਲਿਖਤ , ਗੁਰੂ ਬੋਲੀ , ਗੁਰੂ ਸਿਧਾਂਤ ਆਧਾਰ ਜੋ ਸਦੀਆਂ ਵਿੱਚ ਸਿੱਖਾਂ ਨੇ ਸ਼ੁਧ ਖੁਸ਼ਹਾਲ ਸਮਾਜ ਸਿਰਜਿਆ , ਇਸੇ ਨੂੰ ਮੁਖ ਰੱਖਦੀ ਹੈ ।ਸਿਖ ਸੁਭਾ ਵਿੱਚ ਤਾਹੀਓਂ ਤਾਂ ਇਹ ਹਮੇਸ਼ਾਂ ਅੰਕਤ ਰਿਹਾ ਕਿ "ਪਹਿਲਾਂ ਤੋਲੋ , ਫਿਰ ਬੋਲੋ " ।ਉਪਰੋਕਤ ਜੋ ਢੌਂਗੀ ਲੋਕ , ਸਿੱਖ ਦੁਖਾਂਤ , ਅੱਤਿਆਚਾਰ, ਆਜ਼ਾਦੀ ਦੇ ਨਾਮ ਨਾਲ ਗੰਦੀ ਤੇ ਅਪਵਿੱਤਰ ਭਾਸ਼ਾ ਦੀ ਵਿਆਕਰਣ ਸਿੱਖਾਂ ਦੀ ਝੋਲੀ ਪਾਉਂਦੇ ਹਨ ।ਅਜਿਹੇ ਆਗੂਆਂ ਤੇ ਮੀਡੀਆ ਦਾ ਤਿਆਗ ਕਰਨਾ ਜ਼ਰੂਰੀ ਹੈ ।ਸਿੱਖੀ ਰੂਪ ਵਿਚ ਕੁਝ ਇਤਿਹਾਸ ਤੋ ਸੱਖਣੇ ਪ੍ਰਚਾਰਕ ਵੀ ਹਨ ,ਜੋ ਬਹੁਤ ਗਲਤ ਬੋਲਦੇ ਹਨ ।ਇਕ ਪ੍ਰਚਾਰਕ ਨੇ ਆਪਣੀ ਕਾਬਲੀਅਤ ਆਸਰੇ ਕਿਸੇ ਗੁਰਦੁਆਰਾ ਪ੍ਰਬੰਧ ਵਿਰੁੱਧ ਸਮਾਂ ਨਾ ਮਿਲਣ ਤੇ ਬਹੁਤ ਗਿਰੇ ਤੇ ਅਸਹਿ ਸ਼ਬਦਾਂ ਦੀ ਵਿਡੀਓ ਜਾਰੀ ਕੀਤੀ ।ਉਸ ਪ੍ਰਚਾਰਕ ਦੇ ਸ਼ਬਦ ਸਨ ਕਿ "ਮਸਾ ਰੰਗੜ ਮਰ ਗਿਆ ,ਪਿੱਛੇ ਆਪਣੇ ਇਹ ਛੱਡ ਗਿਆ !" ਹੁਣ ਮੱਸੇ ਰੰਗੜ ਬਾਰੇ ਇਸ ਨੂੰ ਜਾਂ ਤਾਂ ਪਤਾ ਨਹੀ , ਜਾਂ ਅਕਲੋ ਖਾਲੀ ਹੈ ।ਮੱਸੇ ਰੰਗੜ ਨੇ ਸ੍ਰੀ ਦਰਬਾਰ ਸਾਹਿਬ ਵਿਚ ਸ਼ਰਾਬ ਦੇ ਦੌਰ ਚਲਾਏ ਤੇ ਵੇਸਵਾ ਦਾ ਨਾਚ ਕਰਾਇਆ ।ਸਿਖ ਸੂਰਮਿਆਂ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਉਸ ਪਾਪੀ ਦਾ ਸਿਰ ਵੱਢਿਆ ਸੀ ।ਇਹ ਪ੍ਰਚਾਰਕ ਪ੍ਰਬੰਧ ਨੂੰ ਮੱਸੇ ਰੰਗੜ ਨਾਲ ਤੁਲਨਾ ਦਿੰਦਾ ਹੈ ।ਅਕਲ ਦੀ ਘਾਟ ਹੈ ਹੀ ਪਰ ਇਤਿਹਾਸਕ ਧੋਖਾ ਤੇ ਬੇਗੈਰਤੀ ਹੈ ।ਮੀਡੀਏ ਰਾਹੀਂ ਕਿਸੇ ਵੀ ਬੁਰੇ ਲੱਛਣਾਂ ਦੀ ਲਿਖਤ ਜਾਂ ਵੀਡੀਓ ਨੂੰ ਅੱਗੇ ਸ਼ੇਅਰ ਨਹੀਂ ਕਰਨਾ ਚਾਹੀਦਾ ।ਸਗੋਂ ਅਜਿਹੀ ਵੀਡੀਓ , ਲਿਖਤ ਬਾਰੇ ਅਥਾਰਟੀ ਦੇ ਸ਼ਕਾਇਤ ਖਾਤੇ ਵਿੱਚ ਲਿਖ ਕੇ ਇਤਰਾਜ਼ਯੋਗ ਦੱਸਣਾ ਚਾਹੀਦਾ ਹੈ ।ਆਪਣੇ ਆਲੇ ਦੁਆਲੇ ਦੀ ਸੁਹਿਰਦਤਾ , ਕੌਮੀ , ਸਮਾਜਿਕ ਬਚਾਅ ਦੇ ਉਪਾਉ ਕਰਨੇ ਚਾਹੀਦੇ ਹਨ ।ਅਲ੍ਹੜ ,ਔਖੜ ਸ਼ਬਦਾਵਲੀ ਸੁਣਨ ਤੇ ਕਹਿਣ ਤੋ ਗੁਰੇਜ਼ ਕਰਨਾ ਹੀ ਚੰਗਾ ਇਨਸਾਨੀ ਫਰਜ਼ ਹੈ। ••

ਆਵਾਜ਼ਿ ਕੌਮ AWAZE QAUM International Newspaper & WEB TV

## ਪੰਥ ਬਚਾਓ ਪੰਜਾਬ ਬਚਾਓ ਨਾਅਰੇ ਦੇ ਤਹਿਤ ਤੇ ਅਕਾਲੀ ਦਲ ਦੀ ਹੋਂਦ ਨੂੰ ਬਚਾਉਣ ਲਈ

# 14 ਜਨਵਰੀ ਨੂੰ ਮੁਕਤਸਰ ਸਾਹਿਬ ਵਿਖੇ ਪਹੁੰਚੋ : ਬਾਬਾ ਬਿਬੇਕ ਸਿੰਘ



**ਜੰਡਿਆਲਾ ਗੁਰੂ, 12 ਜਨਵਰੀ ( ਕੁਲਵੰਤ ਸਿੰਘ ਵਿਰਦੀ)**-ਪੰਥ ਬਚਾਓ, ਪੰਜਾਬ ਬਚਾਓ ਦੇ ਹੋਕੇ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਪੰਥ ਦਰਦੀਆਂ ਵੱਲੋਂ 14 ਜਨਵਰੀ ਨੂੰ ਮਾਘੀ ਦੇ ਪਵਿੱਤਰ ਦਿਹਾੜੇ ਤੇ ਇਕ ਵਿਸ਼ਾਲ ਇਕੱਠ ਕੀਤਾ ਜਾ ਰਿਹਾ ਹੈ ਜਿਸ ਦੇ ਚੱਲਦਿਆਂ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਅਤੇ ਭਾਈ ਅਮਨਦੀਪ ਸਿੰਘ ਡੱਡੂਆਣਾ ਨੇ ਅੱਗੇ ਕਿਹਾ ਕਿ ਇਹ ਵਿਸ਼ਾਲ ਇਕੱਠ ਸ਼ਹੀਦਾਂ ਦੀ ਧਰਤੀ 40 ਮੁਕਤਿਆਂ ਦੀ ਧਰਤੀ ਸ੍ਰੀ ਮੁਕਤਸਰ ਸਾਹਿਬ ਵਿਚ ਨੇੜੇ ਡੀ ਸੀ ਦਫਤਰ ਸਾਹਮਣੇ ਗੋਲ ਚੌਕ ਬਠਿੰਡਾ ਰੋਡ ਵਿਖੇ ਪੰਥ ਪੰਜਾਬ ਦਰਪੇਸ਼ ਮਸਲਿਆਂ ਨਾਲ ਜੂਝ ਰਿਹਾ ਹੈ ਨੂੰ ਵੀਚਾਰਨ ਲਈ ਹਰ ਇੱਕ ਪੰਥ ਦਰਦੀ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਅਤੇ ਇਸ ਵਿਸ਼ਾਲ ਇਕੱਠ ਚ ਸਭ ਤੋਂ ਪਹਿਲਾਂ ਪੰਜਾਬ ਵਿੱਚ ਅਕਾਲੀ ਦਲ ਨੂੰ ਮੁੜ ਸੁਰਜੀਤ ਕਰਨ ਲਈ ਖਡੂਰ ਸਾਹਿਬ ਹਲਕੇ ਤੋਂ ਐਮ ਪੀ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਮੁਕਤਸਰ ਸਹਿਬ ਵਿਖੇ ਇਕੱਠ ਕੀਤਾ ਜਾ ਰਿਹਾ ਹੈ ਪੰਜਾਬ ਲਈ ਦਰਦ ਰੱਖਣ ਵਾਲੇ ਸਮੂਹ ਪੰਜਾਬੀਆਂ ਨੂੰ ਨੌਜਵਾਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਇਸ ਵਿਸ਼ਾਲ ਇਕੱਠ ਵਿੱਚ ਸ਼ਾਮਲ ਹੋ ਕੇ ਆਪਣੀ ਆਵਾਜ਼ ਨੂੰ ਬੁਲੰਦ ਕਰੋ ਅਤੇ ਆਪਣੇ ਹੱਕਾਂ ਨੂੰ ਮੁੱਖ ਰੱਖਦਿਆਂ ਹੋਇਆਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਜ਼ਰੂਰ ਪਹੁੰਚੋ ਅਤੇ ਬਾਣੀ ਬਾਣੇ ਦੇ ਧਾਰਨੀ ਹੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹੁਕਮ ਨੂੰ ਮੁੱਖ ਰੱਖਦਿਆਂ ਹੋਇਆਂ ਆਪਣੇ ਜੀਵਨ ਨੂੰ ਸਫਲ ਬਣਾਓ।

### ਵਾਰਿਸ ਪੰਜਾਬ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦਾ ਨੌਜਵਾਨਾਂ ਨੂੰ ਸੰਦੇਸ਼

ਆਵਾਜ਼ਿ ਕੌਮ AWAZE QAUM International Newspaper & WEB TV

# ਸੁਰਜੀਤ ਸਿੰਘ ਕੰਗ ਨਗਰ ਪੰਚਾਇਤ ਬਾਬਾ ਬਕਾਲਾ ਸਾਹਿਬ ਜੀ ਦੇ ਪ੍ਰਧਾਨ ਬਨਾਉਣ ਤੇ ਖੁਸ਼ੀ ਦੀ ਲਹਿਰ-ਹਰਜਿੰਦਰ ਸਿੰਘ ਜਲਾਲ ਉਸਮਾ



**ਚੌਕ ਮਹਿਤਾ, 12 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)**- ਆਮ ਆਦਮੀ ਪਾਰਟੀ ਦੇ ਜੁਝਾਰੂ ਵਰਕਰਾਂ ਨੂੰ ਵੱਡੇ ਵੱਡੇ ਆਉਂਦੇ ਦੇਕੇ ਨਿਵਾਜਿਆ ਜਾ ਰਿਹਾ ਹੈ।ਆਮ ਆਦਮੀ ਪਾਰਟੀ ਦੇ ਬਹੁਤ ਮਿਹਨਤੀ ਵਰਕਰ ਸ, ਸੁਰਜੀਤ ਸਿੰਘ ਕੰਗ ਪੰਜਾਬ ਸਟੇਟ ਜੁਆਇੰਟ ਸੈਕਟਰੀ ਕਿਸਾਨ ਵਿੰਗ ਨੂੰ ਨਗਰ ਪੰਚਾਇਤ ਬਾਬਾ ਬਕਾਲਾ ਸਾਹਿਬ ਜੀ ਪ੍ਰਧਾਨ ਨਿਯੁਕਤ ਕਰਨ ਬਹੁਤ ਬਹੁਤ ਵਧਾਈਆ ਦਿੱਤੀਆਂ ਗਈਆਂ। ਅਤੇ ਹਾਈ ਕਮਾਂਡ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਜੀ ਮਾਨ ਅਤੇ ਕੈਬਨਿਟ ਮੰਤਰੀ ਸ, ਹਰਭਜਨ ਸਿੰਘ ਈ ਟੀ ਉ, ਅਤੇ ਹਲਕਾ ਵਿਧਾਇਕ ਸ, ਦਲਬੀਰ ਸਿੰਘ ਟੌਂਗ ਦਾ ਧੰਨਵਾਦ ਕੀਤਾ। ਇਹ ਵਿਚਾਰ ਪੱਤਰਕਾਰਾ' ਨਾਲ ਗੱਲ ਬਾਤ ਕਰਦਿਆਂ ਹੋਇਆਂ, ਸ, ਹਰਜਿੰਦਰ ਸਿੰਘ ਜਲਾਲ ਉਸਮਾ, ਜਿਲਾ ਸ੍ਰੀ ਅੰਮ੍ਰਿਤਸਰ ਸਾਹਿਬ ਐਕਸਾਈਜ ਤੇ ਟੈਕਸੇਸ਼ਨ ਸਲਾਹਕਾਰ ਕਮੇਟੀ ਮੈਂਬਰ ਪੰਜਾਬ ਸਰਕਾਰ, ਨੇ ਸਾਂਝੇ ਕੀਤੇ।

ਆਵਾਜ਼ਿ ਕੌਮ AWAZE QAUM International Newspaper & WEB TV

# ਜੋਗੀਨਾਥਾਂ ਦੇ ਬੱਚਿਆਂ ਨੂੰ ਜਲਦੀ ਬਣਾਕੇ ਦਿੱਤਾ ਜਾਵੇਗਾ ਸੈਡ : ਸਰਪੰਚ ਰਾਜਵਿੰਦਰ ਸਿੰਘ

## ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਕੀਤਾ ਸਰਪੰਚ ਅਤੇ ਪੰਚਾਂ ਦਾ ਸਨਮਾਨ



**ਸ਼ੇਰਪੁਰ, 12 ਜਨਵਰੀ ( ਰਣਜੀਤ ਸਿੰਘ ਪੇਧਨੀ )**-ਸਥਾਨਕ ਚੰਨਾ ਰੋਡ ਤੇ ਜੋਗੀ ਨਾਥਾਂ ਦੀ ਬਸਤੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਸਥਾਨਕ ਛੰਨਾ ਰੋਡ ਤੇ ਜੋਗੀ ਨਾਥਾਂ ਦੀ ਬਸਤੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵੀ ਭਾਨ ਸਿੰਘ ਜੱਸੀ ਦੀ ਅਗਵਾਈ ਵਿੱਚ ਪੜਦੇ ਜੋਗੀਨਾਥਾਂ ਦੇ ਬੱਚਿਆਂ ਨੂੰ ਠੰਡ ਤੋਂ ਬਚਾਉਣ ਦਾ ਯਤਨ ਕਰਦੇ ਹੋਏ ਬੂਟ ਵੰਡਣ ਦੀ ਸੇਵਾ ਕਰਕੇ ਉਨਾਂ ਦਾ ਸਨਮਾਨ ਕੀਤਾ, ਇਸ ਮੌਕੇ ,ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ ਪਿੰਡ ਸੇਰਪੁਰ ਦੇ ਸਰਪੰਚ ਸਰਦਾਰ ਰਾਜਵਿੰਦਰ ਸਿੰਘ ਰਾਜ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਵੱਧ ਤੋਂ ਵੱਧ ਪੜ੍ਹਾਈ ਕਰਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ ਅਤੇ ਐਲਾਨ ਕੀਤਾ ਕਿ ਜਲਦੀ ਹੀ ਮਿਸ਼ਨ ਵਿੱਚ ਪੜਦੇ ਇਹਨਾਂ ਬੱਚਿਆਂ ਲਈ ਸੈਡ ਬਣਾਕੇ ਦਿੱਤਾ ਜਾਵੇਗਾ, ਇਸ ਮੌਕੇ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਸ਼ੇਰਪੁਰ ਦੇ ਸਰਪੰਚ ਰਾਜਵਿੰਦਰ ਸਿੰਘ ਰਾਜ , ਪੰਚਾਇਤ ਮੈਂਬਰ ਰਘੂਨਾਥ ਅਤੇ ਸੋ ਟੂ ਨਾਥ ਦਾ ਸਰੋਪਿਓ ਨਾਲ ਸਨਮਾਨ ਕੀਤਾ ।ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬੱਚੇ ਅਤੇ ਟੀਚਰ ਵੀ ਸਾਮਲ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

# ਇਲਾਕੇ ਵਿੱਚ ਸੁਖ ਸ਼ਾਂਤੀ ਦੇ ਲਈ ਚੌਂਕੀ ਰਣੀਕੇ ਵਿਖੇ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ




**ਧੂਰੀ, (ਰਣਜੀਤ ਸਿੰਘ ਪੇਧਨੀ )**-ਥਾਣਾ ਸਦਰ ਧੂਰੀ ਅਧੀਨ ਪੈਂਦੇ ਚੌਂਕੀ ਪਿੰਡ ਰਣੀਕੇ ਦੇ ਇੰਚਾਰਜ ਸ ਉਂਕਾਰ ਸਿੰਘ ਦੀ ਅਗਵਾਈ ਹੇਠ ਚੌਂਕੀ ਰਣੀਕੇ ਵਿਖੇ ਇਲਾਕੇ ਦੀ ਸੁੱਖ ਸ਼ਾਂਤੀ ਦੇ ਲਈ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਮਵਾਏ ਗਏ। ਜਿਸ ਵਿੱਚ ਐਸਐਚ ਓ ਸ ਕਰਮਜੀਤ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸ,ਐਚ,ਓ ਸ ਕਰਮਜੀਤ ਸਿੰਘ ਥਾਣਾ ਸਦਰ ਧੂਰੀ ਨੇ ਕਿਹਾ ਕਿ ਪਿੰਡ ਰਣੀਕੇ ਚੌਂਕੀ ਅਧੀਨ ਆਉਂਦੇ ਪਿੰਡਾ ਦੇ ਪੰਚ, ਸਰਪੰਚ ਸਤਿਕਾਰਯੋਗ ਹਨ। ਚੌਂਕੀ ਰਣੀਕੇ ਵੱਲੋਂ ਨਵੇਂ ਚੁਣੇ ਗਏ ਪੰਚਾਂ ਸਰਪੰਚਾਂ ਨੂੰ ਪੂਰਾ ਮਾਨ ਸਤਿਕਾਰ ਦਿੱਤਾ ਜਾਵੇਗਾ। ਉਹਨਾਂ ਇਲਾਕੇ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਜੇਕਰ ਤੁਹਾਨੂੰ ਕੋਈ ਕਰੀਮੀਨਲ ਵਿਆਕਤੀ, ਨਸ਼ਾ ਤਸਕਰਜਾਂ ਕੋਈ ਵੀ ਗੈਂਗਵਾਰ ਆਦਿ ਵਰਗੇ ਵਿਅਕਤੀ ਜੋ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਵਰਗੀ ਭਿਆਨਕ ਬਿਮਾਰੀ ਤੇ ਲਗਾ ਕੇ ਨੌਜਵਾਨਾਂ ਦੀ ਜ਼ਿੰਦਗੀ ਬਰਬਾਦ ਕਰਨਾ ਚਾਹੁੰਦੇ ਹਨ ਉਹਨਾਂ ਦੀ ਸੂਹ ਦੇਣ ਵਾਲੇ ਦਾ ਨਾ ਗੁਪਤ ਰੱਖਿਆ ਜਾਵੇਗਾ ਅਤੇ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਜਿਸ ਦੀ ਜਗ੍ਹਾ ਸਲਾਕਾਂ ਪਿੱਛੇ ਹੋਵੇਗੀ। ਇਹ ਸਭ ਕੁਝ ਇਲਾਕੇ ਦੀਆਂ ਪੰਚਾਇਤਾਂ, ਪੰਚਾਂ, ਸਰਪੰਚਾਂ ਦੇ ਸਹਿਯੋਗ ਨਾਲ ਹੀ ਹੋਵੇਗਾ। ਸੋ ਆਓ ਆਪਾਂ ਸਾਰੇ ਰਲ ਕੇ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਉਣ ਦਾ ਯਤਨ ਕਰੀਏ। ਇਸ ਮੌਕੇ ਸਰਪੰਚ ਰਵਿੰਦਰ ਕੁਮਾਰ ਰਿੰਕਾ ਹਸਨਪੁਰ, ਆਪ ਆਗੂ ਉੱਘੇ ਸਮਾਜ ਸੇਵੀ ਕੁਲਵਿੰਦਰ ਸਿੰਘ ਸਿੱਧੂ ਅਤੇ ਪੰਚ ਗੁਰਵਿੰਦਰ ਸਿੰਘ ਤੋਂ ਇਲਾਵਾ ਇਲਾਕੇ ਦੇ ਮੋਹਤਬਰ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਇਤਿਹਾਸਕ ਕਿਤਾਬਾਂ ਪੜ੍ਹਨਾ ਤੇ ਲਿਖਣਾ

# ਮੌਜੂਦਾ ਸਮੇਂ ਦੀ ਲੋੜ : ਭਾਈ ਕਪਤਾਨ ਸਿੰਘ ਯੂ ਕੇ





**ਬਟਾਲਾ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਐਡਵੋਕੇਟ ਸ੍ਰ ਸੁਖਬੀਰ ਸਿੰਘ ਪੰਨਵਾਂ ਜੋ ਪੰਥਕ ਆਗੂ ਭਾਈ ਕਪਤਾਨ ਸਿੰਘ ਯੂ ਕੇ ਪਰਮ ਮਿੱਤਰ ਹਨ ਪੰਨਵਾਂ ਜੀ ਬਟਾਲਾ ਰਿਹਾਇਸ਼ ਤੇ ਭਾਈ ਕਪਤਾਨ ਸਿੰਘ ਉਹਨਾ ਨੂੰ ਮਿਲਣ ਪਹੁੰਚੇ ਐਡਵੋਕੇਟ ਜੀ ਨਾਲ ਜਿੱਥੇ ਗਰਮੱਤ ਤੇ ਸਿਧਾਂਧਕ ਵਿਚਾਰ ਚਰਚਾ ਹੋਈ ਉਥੇ ਸ੍ਰ ਸੁਖਬੀਰ ਸਿੰਘ ਪੰਨਵਾਂ ਵੱਲੋਂ ਗੰਗਸਰ ਜੈਤੋਂ ਦਾ ਮੋਰਚਾ ਕਿਤਾਬ ਭਾਈ ਕਪਤਾਨ ਸਿੰਘ ਨੂੰ ਭੇਂਟ ਕੀਤਾ ਨਾਲ ਭਾਈ ਮਨਦੀਪ ਸਿੰਘ ਤੇ ਅਕਾਸ਼ਦੀਪ ਸਿੰਘ ਹਾਜ਼ਰ ਸਨ।

# ਰੈਜੀਡੈਂਟਸ ਸੁਸ਼ਾਂਤ ਸਿਟੀ- 2 ਵੈਲਫੇਅਰ ਸੁਸਾਇਟੀ ਬਠਿੰਡਾ ਦੀ ਚੋਣ ਹੋਈ



**ਬਠਿੰਡਾ, 12 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਮਾਨਸਾ ਰੋਡ ਉੱਪਰ ਸਥਿਤ ਸੁਸ਼ਾਂਤ ਸਿਟੀ-2 ਵਿਖੇ 'ਰੈਜੀਡੈਂਟਸ ਸਿਟੀ- 2 ਵੈਲਫੇਅਰ ਸੋਸਾਇਟੀ (ਰਜਿ.157)' ਦੀ ਚੋਣ ਹੋਈ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਲੋਨੀ ਵਾਸੀਆਂ ਨੇ ਹਿੱਸਾ ਲਿਆ। ਇਸ ਸਮੇਂ ਸੁਸਾਇਟੀ ਪ੍ਰਧਾਨ ਸਰਦਾਰ ਨਿਰਮਲ ਸਿੰਘ ਮਾਨ ਵੱਲੋਂ ਪਿਛਲੇ ਸਮੇਂ ਕੀਤੇ ਗਏ ਕੰਮਾਂ ਦੀ ਕਲੋਨੀ ਵਾਸੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਸਮੇਂ ਸਰਬ ਸੰਮਤੀ ਨਾਲ ਚੋਣ ਹੇਠ ਹੋਈ ਜਿਸ ਵਿਚ ਸਰਪ੍ਰਸਤ ਜਗਰੂਪ ਸਿੰਘ ਜੌੜਾ, ਪ੍ਰਧਾਨ ਨਿਰਮਲ ਸਿੰਘ ਮਾਨ, ਸਕੱਤਰ ਟੀਸੀ ਗਰਗ, ਮੀਤ ਪ੍ਰਧਾਨ ਜਗਜੀਤ, ਖਜਾਨਚੀ ਕੁਲਵੰਤ ਸਿੰਘ, ਸਲਾਹਕਾਰ ਡਾ. ਗੁਰਜੰਟ ਸਿੰਘ ਸਿੱਧੂ ਚੁਣਿਆ ਗਿਆ ਜਦੋਂਕਿ ਗੰਡਾ ਸਿੰਘ ਮਾਨ ਨੂੰ ਕਾਰਜਕਾਰੀ ਮੈਂਬਰ, ਹਰਬੰਸ ਸਿੰਘ, ਐਸਪੀ ਸਿੰਘ, ਹਰਕਮਲਪ੍ਰੀਤ ਸਿੰਘ, ਸੁਖਪਾਲ ਸਿੰਘ ਧਿੰਗੜ, ਗੁਰਜੀਤ ਸਿੰਘ ਢਿੱਲੋਂ, ਪਰਮੋਦ ਜੈਨ, ਗੁਰਚਰਨ ਸਿੰਘ ਸੰਧੂ, ਹਰਮੀਤ ਸਿੰਘ, ਰਤਨ ਲਾਲ, ਕੁੰਦਨ ਲਾਲ, ਕੁਲਦੀਪ ਕੌਰ, ਪਰਮਿੰਦਰ ਕੌਰ, ਰਣਵੀਰ ਕੌਰ ਕਾਰਜਕਾਰੀ ਮੈਂਬਰ ਅਤੇ ਗੁਰਜੰਟ ਸਿੰਘ ਭਾਗੀਵਾਂਦਰ ਮੀਡੀਆ ਸਲਾਹਕਾਰ ਚੁਣੇ ਗਏ। ਇਸ ਸਮੇਂ ਚੁਣੇ ਗਏ ਅਹੁਦੇਦਾਰਾਂ ਵੱਲੋਂ ਸਮੂਹ ਕਲੋਨੀ ਵਾਸੀਆਂ ਦਾ ਧੰਨਵਾਦ ਕੀਤਾ।

# ਮਾਲ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਦਿੱਤੀ ਗਈ ਇੱਕ ਰੋਜ਼ਾ ਟ੍ਰੇਨਿੰਗ



**ਬਠਿੰਡਾ, 12 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਦੀ ਰਹਿਨੁਮਾਈ ਹੇਠ ਸਥਾਨਕ ਮਹਾਤਮਾ ਗਾਂਧੀ ਲੋਕ ਪ੍ਰਸ਼ਾਸਨ ਸੰਸਥਾ ਪੰਜਾਬ ਦੇ ਖੇਤਰੀ ਕੇਂਦਰ ਵਲੋਂ ਬਠਿੰਡਾ ਜ਼ਿਲ੍ਹੇ ਦੇ ਤਹਿਸੀਲਦਾਰਾਂ, ਨਾਇਬ ਤਹਿਸੀਲਦਾਰਾਂ ਅਤੇ ਮਾਲ ਅਦਾਲਤਾਂ ਦੇ ਰੀਡਰਾਂ/ਅਹਿਲਮਦਾਂ ਨੂੰ ਮਾਲ ਅਦਾਲਤਾਂ ਦੇ ਕੰਮ-ਕਾਜ ਬਾਰੇ ਟਰੇਨਿੰਗ ਦਿੱਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਮਾਲ ਅਦਾਲਤਾਂ/ਦਫ਼ਤਰੀ ਕੰਮ ਨੂੰ ਸਹੀ ਢੰਗ ਨਾਲ ਕਾਨੂੰਨ ਅਨੁਸਾਰ ਕਰਨ ਲਈ ਕਿਹਾ ਤਾਂ ਕਿ ਲੋਕਾਂ ਦੀਆਂ ਪ੍ਰੇਸ਼ਾਨੀਆਂ ਦੂਰ ਹੋ ਸਕਣ। ਇਸ ਦੌਰਾਨ ਉਨ੍ਹਾਂ ਵੱਲੋਂ ਕੁਝ ਕਾਨੂੰਨੀ ਪਹਿਲੂਆਂ 'ਤੇ ਵੀ ਰੌਸ਼ਨੀ ਪਾਈ ਗਈ। ਉਨ੍ਹਾਂ ਇਹ ਵੀ ਦੱਸਿਆ ਅਜਿਹੀਆਂ ਟਰੇਨਿੰਗਾਂ ਭਵਿੱਖ ਵਿੱਚ ਵੀ ਕਰਵਾਈਆਂ ਜਾਣਗੀਆਂ। ਹੋਰ ਜਾਣਕਾਰੀ ਦਿੰਦੇ ਹੋਏ ਸ੍ਰੀ ਓਮ ਪ੍ਰਕਾਸ਼, ਸੰਸਥਾ ਦੇ ਖੇਤਰੀ ਪ੍ਰੋਜੈਕਟ ਡਾਇਰੈਕਟਰ ਨੇ ਦੱਸਿਆ ਕਿ ਇਸ ਟਰੇਨਿੰਗ ਵਿੱਚ ਸਾਬਕਾ ਪੀ.ਸੀ.ਐਸ ਅਧਿਕਾਰੀ ਸ੍ਰੀ ਵਿਨੋਦ ਬਾਂਸਲ ਵਲੋਂ ਤਕਸੀਮ ਕੇਸਾਂ ਨਾਲ ਸਬੰਧਤ ਕਾਰਜਵਿਧੀ ਦੀ ਵੇਰਵੇ ਸਹਿਤ ਜਾਣਕਾਰੀ ਦਿੱਤੀ ਗਈ ਅਤੇ ਮਾਲ ਅਦਾਲਤਾਂ ਦੇ ਕੰਮਾਂ ਦੇ ਸਾਰੇ ਨੁਕਤੇ ਸਾਂਝੇ ਕੀਤੇ ਗਏ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਮਾਲ ਵਿਭਾਗ ਦੇ ਕਾਨੂੰਨ ਵਿੱਚ ਸਮੇਂ-ਸਮੇਂ 'ਤੇ ਹੋਈਆਂ ਸੋਧਾਂ 'ਤੇ ਵੀ ਚਾਨਣਾ ਪਾਇਆ ਗਿਆ ਅਤੇ ਹਾਜ਼ਰ ਅਧਿਕਾਰੀਆਂ/ਕਰਮਚਾਰੀਆਂ ਦੇ ਸਵਾਲਾਂ ਦੇ ਜੁਵਾਬ ਵੀ ਉਨ੍ਹਾਂ ਵਲੋਂ ਬਾਖੂਬੀ ਦਿੱਤੇ ਗਏ ਅਤੇ ਪੈਦਾ ਹੋਈਆਂ ਸ਼ੰਕਾਵਾਂ ਨੂੰ ਵੀ ਦੂਰ ਕੀਤਾ ਗਿਆ। ਇਸ ਦੌਰਾਨ ਸ੍ਰੀ ਜਸਵੀਰ ਸਿੰਘ, ਸੁਪਰਡੈਂਟ, ਕਮਿਸ਼ਨਰ ਦਫ਼ਤਰ ਫਰੀਦਕੋਟ ਵਲੋਂ ਮਾਲ ਅਦਾਲਤਾਂ ਦੀਆਂ ਮਿਸਲਾਂ ਵਿੱਚ ਲਿਖੇ ਜਾਂਦੇ ਹੁਕਮਾਂ/ਜ਼ਿਮਨੀ ਹੁਕਮਾਂ, ਤਲਬੀ ਕਾਰਜ ਵਿਧੀ ਆਦਿ ਸਬੰਧੀ ਆਰ ਸੀ ਐਮ ਪੋਰਟਲ 'ਤੇ ਡਾਊਨਲੋਡ ਕਰਨ ਬਾਰੇ ਨੁਕਤੇ ਵੀ ਉਨ੍ਹਾਂ ਵਲੋਂ ਦੱਸੇ ਗਏ ਅਤੇ ਕੋਰਟ ਰਿਕਾਰਡ ਨੂੰ ਅਪਡੇਟ ਰੱਖਣ ਲਈ ਵੀ ਨੁਕਤੇ ਸਾਂਝੇ ਕੀਤੇ ਗਏ।

# ਨਸ਼ੇ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਤੇ ਹੋਏ ਹਮਲੇ ਦੀ ਨਿਖੇਧੀ—ਮਿਸਲ ਸਤਲੁਜ



ਫ਼ਿਰੋਜ਼ਪੁਰ, 12 ਜਨਵਰੀ (ਮਨੋਹਰ ਲਾਲ) :— ਨਸ਼ੇ ਦੇ ਵਹਿ ਰਹੇ ਛੇਵੇਂ ਦਰਿਆ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੀ ਸੰਸਥਾ ਮਿਸਲ ਸਤਲੁਜ਼ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਦਾਨ ਸਿੰਘ ਵਾਲਾ ਵਿਖੇ ਕੀਤੀ ਪਹੁੰਚ ਅਤੇ ਪੀੜਤਾਂ ਦੀ ਲਈ ਸਾਰ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਮਿਸਲ ਸਤਲੁਜ਼ ਦੇ ਸੂਬਾ ਸਕੱਤਰ ਰਣਪਿੰਦਰਜੀਤ ਸਿੰਘ ਗੋਲਡੀ ਪਿੱਪਲੀ, ਗਗਨ ਸਿੰਘ ਸਿੱਧੂ ਭਗਤਾ ਪ੍ਰਧਾਨ ਨੌਜਵਾਨ ਮਾਲਵਾ ਜਥਾ, ਦਵਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਬੀਤੇ ਦਿਨ ਬਠਿੰਡੇ ਦੇ ਹਲਕਾ ਭੁੱਚੋ ਅਧੀਨ ਆਉਂਦੇ ਪਿੰਡ ਦਾਨ ਸਿੰਘ ਵਾਲਾ ਵਿਖੇ ਬਸਤੀ ਬਾਬਾ ਜੀਵਨ ਸਿੰਘ ਵਾਲਾ ਵਿਖੇ ਨਸ਼ਾ ਤਸਕਰਾਂ ਨੂੰ ਰੋਕਣ ਤੇ ਉਸ ਵੱਲੋਂ 100 ਤੋਂ ਵੱਧ ਗੁੰਡਿਆਂ ਨਾਲ ਆ ਕੇ ਗਰੀਬ ਘਰਾਂ ਤੇ ਹਮਲਾ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਬਦਮਾਸ਼ ਲੋਕਾਂ ਨੇ ਜਿਥੇ ਉਕਤ ਪਰਿਵਾਰਾਂ ਦੀ ਕੁੱਟਮਾਰ ਕੀਤੀ, ਉਥੇ ਪਟਰੋਲ ਬੰਬ ਸੁੱਟ ਕੇ 8 ਘਰਾਂ ਨੂੰ ਸਾੜ ਦਿੱਤਾ ਗਿਆ, ਜਿਸ ਨਾਲ ਇਨ੍ਹਾਂ ਗਰੀਬਾਂ ਦਾ ਕਾਫੀ ਨੁਕਸਾਨ ਹੋਇਆ ਹੈ। ਗੱਲਬਾਤ ਕਰਦਿਆਂ ਮਿਸਲ ਸਤਲੁਜ਼ ਦੇ ਉਪਰੋਕਤ ਆਗੂਆਂ ਨੇ ਦੱਸਿਆ ਕਿ ਇਸ ਮਾਮਲੇ ਦੇ ਦੋਸ਼ੀ ਦੀਆਂ ਫੋਟੋਆਂ ਭੁੱਚੋ ਦੇ ਵਿਧਾਇਕ ਨਾਲ ਨਸ਼ਰ ਹੋ ਚੁੱਕੇ ਹਨ ਅਤੇ ਮਜੀਠੀਏ ਉਪਰ ਚਿੱਟੇ ਦੇ ਦੋਸ਼ ਲਾਉਣ ਵਾਲੀ ਭਗਵੰਤ ਮਾਨ ਸਰਕਾਰ ਵੀ ਮੰਨ ਲਵੇ ਕਿ ਇਹ ਸਰਕਾਰ ਚਿੱਟਾ ਵਿਕਵਾ ਰਹੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੈਨੇਸਿਸ ਅਮਨਦੀਪ ਮਲਟੀ ਸਪੈਸ਼ਲਟੀ

# ਹਸਪਤਾਲ ਵਿਚ ਕਰਵਾਇਆ ਸੈਮੀਨਾਰ




**ਫ਼ਿਰੋਜ਼ਪੁਰ, 12 ਜਨਵਰੀ (ਮਨੋਹਰ ਲਾਲ) :—** ਇਲਾਕੇ ਵਿਚ ਮੈਡੀਕਲ ਸਹੂਲਤ ਦੇਣ ਰਹੀ ਸੰਸਥਾ ਜੈਨੇਸਿਸ ਅਮਨਦੀਪ ਮਲਟੀ ਸਪੈਸ਼ਲਟੀ ਹਸਪਤਾਲ ਮੋਗਾ ਰੋਡ ਫ਼ਿਰੋਜ਼ਪੁਰ ਵੱਲੋਂ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਹਸਪਤਾਲ ਕੈਂਪਸ ਵਿਚ ਲਾਇਆ ਸੈਮੀਨਾਰ। ਇਸ ਦੌਰਾਨ ਜਿਥੇ ਹਾਜ਼ਰੀਨ ਨੂੰ ਹਸਪਤਾਲ ਵੱਲੋਂ ਲੋਕ ਹਿੱਤ ਵਿਚ ਜਾਰੀ ਕੀਤੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ ਗਿਆ, ਉਥੇ ਲੋਕ ਸੇਵਾ ਵਿਚ ਹਾਜ਼ਰ ਡਾਕਟਰਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਫੈਸੀਲਿਟੀ ਡਾਇਰੈਕਟਰ ਅਭਿਸ਼ੇਕ ਅਰੋੜਾ ਅਤੇ ਗੁਰਪ੍ਰੀਤ ਸਿੰਘ ਮਾਰਕੀਟਿੰਗ ਹੈਡ ਨੇ ਦੱਸਿਆ ਕਿ ਜੈਨੇਸਿਸ ਅਮਨਦੀਪ ਮਲਟੀ ਸਪੈਸ਼ਲਟੀ ਹਸਪਤਾਲ ਵਿਖੇ ਇਕੋ ਛੱਤ ਹੇਠ ਮਰੀਜਾਂ ਦੇ ਹਰ ਤਰ੍ਹਾਂ ਦੇ ਟੈਸਟ ਕਰਨ ਦੇ ਨਾਲ—ਨਾਲ ਮਾਹਿਰ ਡਾਕਟਰਾਂ ਵੱਲੋਂ ਇਲਾਜ ਕੀਤਾ ਜਾਂਦਾ ਹੈ, ਜਿਸ ਨਾਲ ਮਰੀਜ ਅਤੇ ਉਸ ਦੇ ਆਸ਼ਿਰਤ ਨੂੰ ਕਾਫੀ ਸਹੂਲਤ ਪ੍ਰਾਪਤ ਹੁੰਦੀ ਹੈ। ਉਨ੍ਹਾਂ ਐਲਾਨ ਕੀਤਾ ਕਿ ਹੁਣ ਵੱਡੇ ਤੋਂ ਵੱਡਾ ਇਲਾਜ ਕਰਵਾਉਣ ਲਈ ਵੀ ਇਲਾਕਾ ਨਿਵਾਸੀਆਂ ਨੂੰ ਦੂਰ—ਦੁਰਾਡੇ ਜਾਣ ਦੀ ਜ਼ਰੂਰਤ ਨਹੀਂ ਹੋਵੇਗਾ। ਇਸ ਮੌਕੇ ਇੰਡੀਅਨ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਸਮੂਹ ਮੈਂਬਰਾਂ ਨੂੰ ਹਸਪਤਾਲ ਵੱਲੋਂ ਚਾਹ ਅਤੇ ਲੰਚ ਕਰਵਾਇਆ ਅਤੇ ਸਮੂਹ ਮੈਂਬਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਆਗੂਆਂ ਨੇ ਵਿਚਾਰ ਸਾਂਝੇ ਕਰਦਿਆਂ ਜਿਥੇ ਅਮਨਦੀਪ ਹਸਪਤਾਲ ਦੇ ਮਾਹਿਰ ਡਾਕਟਰਾਂ ਤੇ ਸਟਾਫ ਦੀ ਪ੍ਰਸੰਸਾ ਕੀਤੀ, ਉਥੇ ਹਸਪਤਾਲ ਵੱਲੋਂ ਲੋਕ ਹਿੱਤ ਵਿਚ ਕੀਤੇ ਜਾ ਰਹੇ ਕਾਰਜਾਂ ਦੀ ਸਰਾਹਨਾ ਕੀਤੀ। ਇਸ ਮੌਕੇ ਸੁਸਾਇਟੀ ਦੇ ਪੈਟਰਨ ਹਰਜੀਤ ਸਿੰਘ, ਯਸ਼ਪਾਲ ਸ਼ਰਮਾ, ਕੁਲਦੀਪ ਰਾਏ, ਪ੍ਰਮੋਦ ਕਪੂਰ, ਜ਼ਸਬੀਰ ਸਿੰਘ, ਜਰਨੈਲ ਸਿੰਘ ਸਰਪੰਚ, ਜਗਜੀਤ ਸਿੰਘ ਭੁੱਲਰ, ਸਵਰਨ ਸਿੰਘ, ਮੋਹਨ ਸਿੰਘ, ਗੁਰਵਿੰਦਰ ਸਿੰਘ ਡਿੰਪੀ ਆਦਿ ਹਾਜ਼ਰ ਸਨ।

ਕਿਸਾਨੀ ਮੰਗਾਂ ਲਈ 76ਵੇਂ ਗਣਤੰਤਰ ਦਿਵਸ ’ਤੇ

# ਕਿਸਾਨ ਕੱਢਣਗੇ ਟਰੈਕਟਰ/ਵਾਹਨ ਮੋਟਰ ਸਾਈਕਲ ਪਰੇਡ: ਸੰਯੁਕਤ ਕਿਸਾਨ ਮੋਰਚਾ



ਨਵੀਂ ਦਿੱਲੀ 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):– ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨਾਂ ਨੂੰ 26 ਜਨਵਰੀ 2025, 76ਵੇਂ ਗਣਤੰਤਰ ਦਿਵਸ ’ਤੇ ਦੇਸ਼ ਭਰ ਵਿੱਚ ਜ਼ਿਲ੍ਹਾ/ਸਬ ਡਵੀਜ਼ਨ ਪੱਧਰ ’ਤੇ ਟਰੈਕਟਰ/ਵਾਹਨ/ਮੋਟਰਸਾਈਕਲ ਪਰੇਡ ਦਾ ਆਯੋਜਨ ਕਰਨ ਲਈ ਕਿਹਾ ਹੈ।

**ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਪ੍ਰਧਾਨ ਮੰਤਰੀ ਦੇ ਤਾਨਾਸ਼ਾਹੀ, ਅਸੰਵੇਦਨਸ਼ੀਲ ਰਵੱਈਏ ਦੀ ਸਖ਼ਤ ਨਿਖੇਧੀ**

ਕਿਸਾਨ ਸੰਘਰਸ਼ ਦੀ ਪਰੇਡ ਪ੍ਰਧਾਨ ਮੰਤਰੀ ਤੋਂ ਮੰਗ ਕਰਦੀ ਹੈ ਕਿ ਸੰਘਰਸ਼ ਸਬੰਧੀ ਸਾਰੀਆਂ ਕਿਸਾਨ ਜਥੇਬੰਦੀਆਂ ਨਾਲ ਤੁਰੰਤ ਵਿਚਾਰ ਵਟਾਂਦਰਾ ਕੀਤਾ ਜਾਵੇ ਅਤੇ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਈ ਜਾਵੇ, ਕਿਸਾਨ ਵਿਰੋਧੀ ਸੰਘੀ ਵਿਰੋਧੀ ਐਨਪੀਐਫਏਐਮ ਨੂੰ ਤੁਰੰਤ ਵਾਪਸ ਲਿਆ ਜਾਵੇ, ਐਮਐਸਪੀ @ਸੀ 2+50% ਲਈ ਕਾਨੂੰਨ ਬਣਾਇਆ ਜਾਵੇ। ਕਾਨੂੰਨੀ ਤੌਰ ’ਤੇ ਗਾਰੰਟੀਸ਼ੁਦਾ ਖਰੀਦ ਦੇ ਨਾਲ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਕਰਜ਼ਾ ਮੁਆਫ਼ੀ ਲਈ ਵਿਆਪਕ ਸਕੀਮ ਬਣਾਈ ਜਾਵੇ, ਬਿਜਲੀ ਦਾ ਨਿੱਜੀਕਰਨ ਬਰਦਾਸ਼ਤ ਨਹੀਂ ਹੋਵੇਗਾ, ਸਮਾਰਟ ਮੀਟਰ ਨਹੀਂ ਲਗਵਾਏ ਜਾਣਗੇ, ਸਰਕਾਰ 300 ਯੂਨਿਟਾਂ ਤੱਕ ਮੁਫ਼ਤ ਬਿਜਲੀ ਮੁਹੱਈਆ ਕਰਵਾਏ, ਐੱਲ.ਏ.ਆਰ.ਆਰ. ਐਕਟ 2013 ਲਾਗੂ ਕਰਨਾ ਆਦਿ।

ਸੰਯੁਕਤ ਕਿਸਾਨ ਮੋਰਚਾ ਦੀਆਂ ਸਾਰੀਆਂ ਸਟੇਟ ਕੋਆਰਡੀਨੇਸ਼ਨ ਕਮੇਟੀਆਂ ਤੁਰੰਤ ਮਿਲਣਗੀਆਂ ਅਤੇ ਖੇਤੀਬਾੜੀ ਮਾਰਕੀਟਿੰਗ ’ਤੇ ਰਾਸ਼ਟਰੀ ਨੀਤੀ ਢਾਂਚੇ -ਐਨਪੀਐਫਏਐਮ ਦੀਆਂ ਕਾਪੀਆਂ ਨੂੰ ਸਾੜ ਕੇ ਜ਼ੋਰਦਾਰ ਵਿਰੋਧ ਕਰਨ ਦਾ ਸੱਦਾ ਦੇਣਗੀਆਂ। ਮਿਤੀਆਂ ਅਤੇ ਵੇਰਵਿਆਂ ਦਾ ਫੈਸਲਾ ਰਾਜ ਪੱਧਰ ’ਤੇ ਕੀਤਾ ਜਾਵੇਗਾ। ਐਸਕੇਐਮ ਨੇ ਪ੍ਰਧਾਨ ਮੰਤਰੀ ਦੇ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਲਈ ਤਿਆਰ ਨਾ ਹੋਣ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਪ੍ਰਧਾਨ ਮੰਤਰੀ ਦੇ ਤਾਨਾਸ਼ਾਹੀ, ਅਸੰਵੇਦਨਸ਼ੀਲ ਰਵੱਈਏ ਦੀ ਸਖ਼ਤ ਨਿਖੇਧੀ ਕੀਤੀ ਹੈ।

ਸਰਦਾਰ ਜਗਜੀਤ ਸਿੰਘ ਡੱਲੇਵਾਲ ਜੀ ਦੇ ਮਰਨ ਵਰਤ ਦੇ 46 ਦਿਨ ਲੰਘ ਜਾਣ ਦੇ ਬਾਵਜੂਦ ਸੁਪਰੀਮ ਕੋਰਟ ਅਤੇ ਭਾਰਤ ਦੇ ਰਾਸ਼ਟਰਪਤੀ ਕਿਸਾਨ ਆਗੂਆਂ ਦੀ ਜਾਨ ਬਚਾਉਣ ਲਈ ਦਖਲ ਦੇਣ ਤੋਂ ਬੇਵੱਸ ਹੋ ਗਏ ਹਨ। ਇਹ ਮੁੱਖ ਤੌਰ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅੜੀਅਲ ਸਟੈਂਡ ਦੇ ਕਾਰਨ ਹੈ, ਕੇਂਦਰ ਸਰਕਾਰ, ਜੋ ਕਿ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ, ਮਜ਼ਦੂਰਾਂ ਨੂੰ ਘੱਟੋ-ਘੱਟ ਉਜਰਤ ਦੇਣ ਤੋਂ ਇਨਕਾਰ ਕਰਕੇ ਖੇਤੀ, ਉਦਯੋਗ ਅਤੇ ਸੇਵਾਵਾਂ ’ਤੇ ਆਪਣਾ ਦਬਦਬਾ ਥੋਪਣ ’ਤੇ ਤੁਲੀ ਹੋਈ ਹੈ, ਜ਼ਾਲਮ ਕਾਰਪੋਰੇਟ ਤਾਕਤਾਂ ਦੇ ਸਾਹਮਣੇ ਆਤਮ ਸਮਰਪਣ ਕਰ ਰਹੀ ਹੈ। ਕਾਰਪੋਰੇਟ ਪੱਖੀ ਹਮਲਿਆਂ ਕਾਰਨ ਲੋਕਾਂ ਦੀ ਰੋਜ਼ੀ-ਰੋਟੀ ਦਾਅ ’ਤੇ ਲੱਗੀ ਹੋਈ ਹੈ। ਸੁਧਾਰ, ਨਵੀਨਤਮ ਖੇਤੀਬਾੜੀ ਮਾਰਕੀਟਿੰਗ ’ਤੇ ਰਾਸ਼ਟਰੀ ਨੀਤੀ ਫਰੇਮਵਰਕ ਹੈ, ਜੋ ਭਾਰਤੀ ਸੰਘ ਦੇ ਸੰਘੀ ਢਾਂਚੇ ਨੂੰ ਚੁਣੌਤੀ ਦਿੰਦਾ ਹੈ, ਜੋ ਕਿ ਭਾਰਤੀ ਸੰਵਿਧਾਨ ਦੇ ਮੂਲ ਸਿਧਾਂਤਾਂ ਵਿੱਚੋਂ ਇੱਕ ਹੈ। ਹਾਲਾਂਕਿ ਪ੍ਰਧਾਨ ਮੰਤਰੀ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਦੇ ਹਨ ਅਤੇ ਦੇਸ਼ ਦਾ ਸੰਵਿਧਾਨ ਬਹੁਤ ਹੀ ਮੰਦਭਾਗਾ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚੇ ਨਾਲ ਸੰਯੁਕਤ ਕਿਸਾਨ ਮੋਰਚਾ ਦੀ ਤਾਲਮੇਲ ਮੀਟਿੰਗ 13 ਜਨਵਰੀ ਨੂੰ ਪਾਤੜਾਂ, ਖਨੌਰੀ ਦੇ ਨਜ਼ਦੀਕੀ ਕਸਬੇ ਵਿਖੇ ਸਬੰਧਿਤ ਪਲੇਟਫਾਰਮਾਂ ਦੁਆਰਾ ਬੇਨਤੀ ਕੀਤੇ ਜਾਣ ’ਤੇ ਮੁੜ ਤਹਿ ਕੀਤੀ ਜਾਵੇਗੀ।

# ਗੁਰਬੀਰ ਸਿੰਘ ਭੁੱਲਰ ਪੀ.ਆਰ.ਓ ਜਾਰਜੀਆ ਆਪਣੇ ਮਾਮਿਆਂ ਕੋਲ ਪਿੰਡ ਕਿਲੀ ਆਇਆ, ਅਚਾਨਕ ਹੋਈ ਮੌਤ ਤੇ ਅੰਤਿਮ ਅਰਦਾਸ ਤੇ ਪਾਠ ਦਾ ਭੋਗ ਪਾਇਆ



**ਫ਼ਿਰੋਜ਼ਪੁਰ, 12 ਜਨਵਰੀ (ਮਨੋਹਰ ਲਾਲ) :—** ਗੁਰਬੀਰ ਸਿੰਘ ਭੁੱਲਰ ਪੀ.ਆਰ.ਓ ਜਾਰਜੀਆ ਆਪਣੇ ਮਾਪਿਆਂ ਭਾਈ ਨਿਰਵੈਰ ਸਿੰਘ ਸਿੱਧੂ ਸਾਬਕਾ ਸਰਪੰਚ ਪਿੰਡ ਕਿਲੀ ਪ੍ਰਧਾਨ ਆੜਤੀਆ ਐਸੋਸੀਏਸ਼ਨ ਲੱਖੋਕੇ ਬਹਿਰਾਮ ਅਤੇ ਦਿਲਬਾਗ ਸਿੰਘ ਸਿੱਧੂ ਪਿੰਡ ਕਿਲੀ ਕੋਲ ਮਿਲਣ ਆਇਆ ਅਤੇ ਅਚਾਨਕ ਤਬੀਅਤ ਖਰਾਬ ਹੋਣ ਕਰਕੇ 5 ਜਨਵਰੀ 2025 ਨੂੰ ਪਿੰਡ ਕਿਲੀ ਵਿਖੇ ਦੇਹਾਂਤ ਹੋ ਗਿਆ ਸੀ, ਦੀ ਅੰਤਿਮ ਅਰਦਾਸ ਅਤੇ ਸਹਿਜ ਪਾਠ ਦਾ ਭੋਗ ਗੁਰਦੁਆਰਾ ਢਾਬਸਰ ਸਾਹਿਬ ਬਾਬਾ ਬੇਰੀ ਵਾਲਾ ਫ਼ਿਰੋਜ਼ਪੁਰ—ਫ਼ਾਜ਼ਿਲਕਾ ਰੋਡ ਪਿੰਡ ਕਰੀ ਕਲਾਂ ਫ਼ਿਰੋਜ਼ਪੁਰ ਵਿਖੇ ਪਾਇਆ ਗਿਆ। ਇਥੇ ਇਹ ਦਸਣਯੋਗ ਹੈ ਕਿ ਗੁਰਬੀਰ ਸਿੰਘ ਭੁੱਲਰ ਜ਼ੋ ਕਿ ਜਾਰਜੀਆ ਵਿਚ ਪੱਕਾ ਪੀ.ਆਰ.ਓ ਸੀ ਅਤੇ ਆਪਣੇ ਨਾਮ ਦੀ 12 ਏਕੜ ਜਮੀਨ ਵੇਚ ਕੇ ਜਾਰਜੀਆ ਵਿਖੇ ਪੀ.ਆਰ.ਓ ਹੋਣ ਲਈ ਜਾਰਜੀਆ ਦੀ ਸਰਕਾਰ ਵੱਲੋਂ ਜਿਹੜਾ 20 ਹੈਕਟਰ ਜਮੀਨ ਜਾਨੀ ਕਿ 50 ਏਕੜ ਲਵੇਗਾ, ਉਸ ਨੂੰ ਅਸੀਂ ਜਾਰਜੀਆਂ ਵਿਖੇ ਪੱਕਾ ਕਰਾਂਗੇ ਅਤੇ ਗੁਰਬੀਰ ਸਿੰਘ ਭੁੱਲਰ ਨੇ ਜਾਰਜੀਆ ਦੀ ਸਰਕਾਰ ਦੇ ਕਹਿਣ ਤੇ ਆਪਣੀ 12 ਏਕੜ ਜਮੀਨ ਵੇਚ ਕੇ ਜਾਰਜੀਆ ਵਿਖੇ 20 ਹੈਕਟਰ ਜਮੀਨ ਖਰੀਦੀ ਅਤੇ ਪੱਕਾ ਪੀ.ਆਰ.ਓ ਹੋ ਗਿਆ। ਇਥੇ ਇਹ ਦਸਣਯੋਗ ਹੈ ਕਿ ਗੁਰਬੀਰ ਸਿੰਘ ਭੁੱਲਰ ਨੇ ਕਦੇ—ਕਦੇ ਰਹਿਣ ਲਈ ਸ਼ਿਵਾਲਿਕ ਵਿਹਾਰ ਜੀਰਕਪੁਰ ਵਿਚ ਵੀ ਇਕ ਮਕਾਨ ਮੁੱਲ ਲੈ ਕੇ ਰੱਖਿਆ ਹੋਇਆ ਸੀ ਅਤੇ ਗੁਰਬੀਰ ਸਿੰਘ ਭੁੱਲਰ ਦੇ ਮਾਤਾ—ਪਿਤਾ ਦੀ ਮੌਤ ਹੋ ਚੁੱਕੀ ਸੀ ਅਤੇ ਇਕ ਭਰਾ ਗੁਰਨੈਬ ਸਿੰਘ ਭੁੱਲਰ ਫਰੀਦਕੋਟ ਵਿਖੇ ਮੈਨੇਜਰ ਦੀ ਪੋਸਟ ਤੇ ਹੈ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦਾ ਜਥਾ ਭਾਈ ਚੰਨ ਸਿੰਘ, ਭਾਈ ਗੁਰਪ੍ਰੀਤ ਸਿੰਘ ਨੇ ਵੈਰਾਗਮਈ ਕੀਰਤਨ ਕੀਤਾ। ਇਸ ਮੌਕੇ ਤੇ ਰਾਣਾ ਗੁਰਮੀਤ ਸਿੰਘ ਸੋਢੀ ਦਾ ਪੀ.ਏ ਨਸੀਬ ਸਿੰਘ, ਸ਼ੇਰ ਸਿੰਘ ਘੁਬਾਇਆ ਦਾ ਪੀ.ਏ, ਰਵਿੰਦਰ ਸਿੰਘ ਆਵਲਾ ਦਾ ਪੀ.ਏ, ਗੁਰਦੀਪ ਸਿੰਘ ਸਾਬਕਾ ਪ੍ਰਧਾਨ ਨਗਰ ਕੌਂਸਲ ਫ਼ਿਰੋਜ਼ਪੁਰ ਸ਼ਹਿਰ, ਸੁਰਜੀਤ ਸਿੰਘ ਫੁੱਲਰਵੰਨ ਚੇਅਰਮੈਨ, ਡਾਇਰੈਕਟਰ ਮੱਖਣ ਸਿੰਘ, ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਫਰਮਾਨ ਸਿੰਘ ਸੰਧੂ, ਜਨਰਲ ਸਕੱਤਰ ਜ਼ਸਬੀਰ ਸਿੰਘ, ਗੁਰਬਚਨ ਸਿੰਘ ਬਲਾਕ ਪ੍ਰਧਾਨ ਝੋਕ ਮੋਹੜੇ, ਦਵਿੰਦਰ ਸਿੰਘ ਜੰਗ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਰਛਪਾਲ ਸਿੰਘ ਵਾਈਸ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਤੋਂ ਇਲਾਵਾ ਸਮੂਹ ਪਿੰਡਾਂ ਦੇ ਸਰਪੰਚ, ਪੰਚ ਅਤੇ ਨੰਬਰਦਾਰਾਂ ਤੋਂ ਇਲਾਵਾ ਭਾਰੀ ਗਿਣਤੀ ਵਿਚ ਇਲਾਕਾ ਨਿਵਾਸੀਆਂ ਅਤੇ ਰਿਸ਼ਤੇਦਾਰਾਂ, ਸਾਕ ਸਬੰਧੀਆਂ ਅਤੇ ਭੁੱਲਰ ਪਰਿਵਾਰ ਤੇਸਿੱਧੂ ਪਰਿਵਾਰ ਇਸ ਦੁੱਖ ਦੀ ਘੜੀ ਵਿਚ ਭਾਈ ਨਿਰਵੈਰ ਸਿੰਘ ਸਾਬਕਾ ਸਰਪੰਚ ਪਿੰਡ ਕਿਲੀ ਅਤੇ ਪ੍ਰਧਾਨ ਆੜਤੀਆ ਐਸੋਸੀਏਸ਼ਨ ਲੱਖੋਕੇ ਬਹਿਰਾਮ ਅਤੇ ਭਾਰਤੀ ਕਿਸਾਨ ਯੂਨੀਅਨ ਲੱਖੋਕੇ ਬਹਿਰਾਮ ਨਾਲ ਦੁੱਖ ਸਾਂਝਾ ਕੀਤਾ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਉਹ ਗੁਰਬੀਰ ਸਿੰਘ ਭੁੱਲਰ ਨੂੰ ਆਪਣੇ ਚਰਨਾਂ ਵਿਚ ਨਿਵਾਸ਼ ਬਖਸ਼ੇ, ਪਿਛੇ ਪਰਿਵਾਰ, ਰਿਸ਼ਤੇਦਾਰਾਂ, ਸਾਕ ਸਬੰਧੀਆਂ ਅਤੇ ਯਾਰਾਂ—ਦੋਸਤਾਂ ਅਤੇ ਭਰਾ ਗੁਰਨੈਬ ਸਿੰਘ ਭੁੱਲਰ ਫਰੀਦਕੋਟ, ਭਾਈ ਨਿਰਵੈਰ ਸਿੰਘ ਕਿਲੀ ਮਾਮਾ, ਦਿਲਬਾਗ ਸਿੰਘ ਸਿੱਧੂ ਪਿੰਡ ਕਿਲੀ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਮੌਕੇ ਤੇ ਗੁਰਦੁਆਰਾ ਠਾਠ ਨਾਨਕਸਰ ਛਾਂਗਾ ਖੁਰਦ ਦੇ ਮਹਾਂਪੁਰਸ਼ਾਂ ਨੇ ਵੀ ਆਪਣੀ ਹਾਜ਼ਰੀ ਲੁਆਈ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਬਲਾਈਡ ਹੋਮ ਵਿਖੇ ਲੋਹੜੀ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ



ਫ਼ਿਰੋਜ਼ਪੁਰ, 12 ਜਨਵਰੀ (ਮਨੋਹਰ ਲਾਲ) :— ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਬਲਾਈਡ ਹੋਮ ਮਖੂ ਗੇਟ ਵਿਖੇ ਲੋਹੜੀ ਦਾ ਤਿਉਹਾਰ ਬੜੀ ਸ਼ਰਧਾ ਨਾਲ ਮਨਾਇਆ। ਇਸ ਮੌਕੇ ਤੇ ਗੀਤ ਸੰਗੀਤ ਵੀ ਹੋਇਆ। ਇਸ ਮੌਕੇ ਤੇ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਡਾ: ਦੀਵਾਨ ਚੰਦ ਸੁਖੀਜਾ ਨੇ ਲੋਹੜੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਤੇ ਲੋਹੜੀ ਬਾਲੀ ਗਈ ਅਤੇ ਮੂਗਫਲੀ—ਰੇਵੜੀਆਂ, ਭੁਗੇ ਆਦਿ ਦਾ ਮੈਂਬਰਾਂ ਨੇ ਖੂਬ ਆਨੰਦ ਮਾਣਿਆ। ਇਸ ਮੌਕੇ ਤੇ ਡਾਕਟਰ ਦੀਵਾਨ ਚੰਦ ਚੇਅਰਮੈਨ, ਪਰਵੀਨ ਧਵਨ ਜਨਰਲ ਸਕੱਤਰ, ਰਮੇਸ਼ ਬਜਾਜ, ਅਵਿਨਾਸ਼ ਸਿੰਘ, ਮੈਡਮ ਪੁਸ਼ਪ ਲਤਾ, ਰਾਮ ਕਿਸ਼ੋਰ ਕੋਆਰਡੀਨੇਟਰ, ਮਿਸਿਜ਼ ਗਰੋਵਰ, ਕ੍ਰਿਸ਼ਨ ਲਾਲ ਗੁਲਾਟੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਉੱਘੇ ਮੈਂਬਰ ਹਾਜ਼ਰ ਸਨ। ਇਸ ਮੌਕੇ ਬਲਾਈਡ ਹੋਮ ਦੇ ਮੈਂਬਰਾਂ ਵੱਲੋਂ ਵੀ ਮੂੰਗਫਲੀਆਂ—ਰੇਵੜੀਆਂ ਵੰਡੀਆਂ ਗਈਆਂ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ, ਹਰਿਆਣਾ ਸਿੱਖ
ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂਘਰਾਂ ਦੇ ਸੇਵਾਦਾਰ, ਸਾਰੀ ਦੁਨੀਆਂ ਵਿੱਚ ਸਿੱਖ ਧਰਮ ਸਰਬ ਸਾਂਝੀਵਾਲਤਾ ਦਾ ਪ੍ਰਚਾਰ ਅੰਮ੍ਰਿਤ ਸੰਚਾਰ ਕਰਨ, ਪੰਥ ਦੀ ਚੜਦੀਕਲਾ ਲਈ ਹਰ ਸੰਘਰਸ਼ ਵਿੱਚ ਮੋਹਰੀ ਰੋਲ ਅਦਾ ਕਰਨ, ਲੋੜਵੰਦਾਂ ਦੀ ਮੱਦਦ ਕਰਨ, ਹਰ ਸਾਲ ਗਰੀਬ ਬੱਚੀਆਂ ਦੇ ਵਿਆਹ ਕਰਨ, ਗੁਰਮਤਿ ਵਿਦਿਆ ਦਾ ਪਸਾਰ ਕਰਨ ਵਾਲੇ।



ਸ: ਹਰਮੀਤ ਸਿੰਘ ਕਾਲਕਾ
ਪ੍ਰਧਾਨ, ਦਿੱਲੀ ਸਿੱਖ
ਗੁਰਦੁਆਰਾ ਪ੍ਰਬੰਧਕ ਕਮੇਟੀ

**ਹਲਕਾ ਕਾਲਾਂਵਾਲੀ (ਵਾਰਡ ਨੰ: 35) ਤੋਂ ਤੁਹਾਡੇ ਆਪਣੇ ਸੇਵਾਦਾਰ ਉਮੀਦਵਾਰ**

## ਜਥੇਦਾਰ ਬਲਜੀਤ ਸਿੰਘ ਦਾਦੂਵਾਲ

ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ

**ਸਰਬੱਤ ਸੰਗਤਾਂ 19 ਜਨਵਰੀ 2025 ਨੂੰ**

ਚੋਣ ਨਿਸ਼ਾਨ



ਸਮੁੰਦਰੀ ਜਹਾਜ

ਦੇ ਚੋਣ ਨਿਸ਼ਾਨ **ਸਮੁੰਦਰੀ ਜਹਾਜ** ਦਾ ਬਟਨ ਦਬਾਕੇ ਕੇ ਉਨਾਂ ਨੂੰ ਜਿਤਾਓ ਅਤੇ ਪੰਥ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾ ਕੇ ਧੰਨਵਾਦੀ ਬਣਾਉ ਜੀ।

ਸੰਪਰਕ: 93560-60960, 93560-60953, 97284-07015



---

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ

ਹਲਕਾ ਕਾਲਾਂਵਾਲੀ (ਵਾਰਡ ਨੰ: 35) ਤੋਂ
ਤੁਹਾਡੇ ਆਪਣੇ ਸੇਵਾਦਾਰ ਉਮੀਦਵਾਰ

**ਜਥੇਦਾਰ ਬਲਜੀਤ ਸਿੰਘ ਦਾਦੂਵਾਲ**

ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ

ਸਰਬੱਤ ਸੰਗਤਾਂ 19 ਜਨਵਰੀ 2025 ਨੂੰ

ਚੋਣ ਨਿਸ਼ਾਨ **ਸਮੁੰਦਰੀ ਜਹਾਜ** ਦਾ ਬਟਨ ਦਬਾਕੇ ਕੇ ਉਨਾਂ ਨੂੰ ਜਿਤਾਓ ਅਤੇ ਪੰਥ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾ ਕੇ ਧੰਨਵਾਦੀ ਬਣਾਉ ਜੀ।

ਚੋਣ ਨਿਸ਼ਾਨ



ਸਮੁੰਦਰੀ ਜਹਾਜ

93560-60960
97284-07015



---

**ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ**

ਵਾਰਡ ਨੰ: 35, ਹਲਕਾ ਕਾਲਾਂਵਾਲੀ ਤੋਂ ਉਮੀਦਵਾਰ

**ਜਥੇਦਾਰ ਬਲਜੀਤ ਸਿੰਘ ਦਾਦੂਵਾਲ**

ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ
ਸੰਪਰਕ ਨੰ: 93560-60960, 93560-60953, 97284-07015



| | | |
|---|---|---|
| 1. | ਜਥੇਦਾਰ ਬਲਜੀਤ ਸਿੰਘ ਦਾਦੂਵਾਲ | ਚੋਣ ਨਿਸ਼ਾਨ  ਸਮੁੰਦਰੀ ਜਹਾਜ |
| 2. | | |
| 3. | | |

## ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਗੁਰੂ ਕਾਸ਼ੀ ਯੂਨੀਵਰਸਟੀ ਤਲਵੰਡੀ ਸਾਬੋ ਅਤੇ ਆਦੇਸ਼ ਮੈਡੀਕਲ ਯੂਨੀਵਰਸਟੀ ਬਠਿੰਡਾ ਵਿਖੇ

# 'ਭਾਸ਼ਾ ਵਹਿੰਦਾ ਦਰਿਆ' ਨਾਟਕ ਮੰਚਨ ਅਤੇ ਸਭਿਆਚਾਰਕ ਪ੍ਰੋਗਰਾਮ 15 ਜਨਵਰੀ ਨੂੰ







**ਬਠਿੰਡਾ, 12 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਾਹਿਤ ਅਤੇ ਸਿਹਤ ਨੂੰ ਸਮਰਪਿਤ "ਵਿਸ਼ਵ ਪੰਜਾਬੀ ਸਭਾ (ਰਜਿ.) ਕੈਨੇਡਾ ਵੱਲੋਂ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿੱਚ ਲੈਕਚਰਾਰ ਬਲਬੀਰ ਕੌਰ ਰਾਏਕੋਟੀ ਦੇ ਵਿਸ਼ੇਸ਼ ਉੱਦਮ ਸਦਕਾ, ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾਤਾਰ 11 ਜਨਵਰੀ ਤੋਂ 17 ਜਨਵਰੀ 2025 ਤੱਕ ਪੰਜਾਬ ਦੇ ਵੱਖ ਵੱਖ ਨਗਰਾਂ ਵਿੱਚ ਕਰਵਾਏ ਜਾ ਰਹੇ ਸਭਿਆਚਾਰਕ ਸਮਾਗਮਾਂ ਦੀ ਕੜੀ ਵਜੋਂ 15 ਜਨਵਰੀ ਨੂੰ ਦੁਪਹਿਰ 12 ਵਜੇ ਤੋਂ 2 ਵਜੇ ਤੱਕ ਗੁਰੂ ਕਾਸ਼ੀ ਯੂਨੀਵਰਸਟੀ ਦੇ ਸਹਿਯੋਗ ਨਾਲ ਯੂਨੀਵਰਸਟੀ ਦੇ ਐਡੀਟੋਰੀਅਮ ਹਾਲ ਵਿਚ 'ਭਾਸ਼ਾ ਵਹਿੰਦਾ ਦਰਿਆ' ਨਾਟਕ ਮੰਚਨ ਤੇ ਸਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾਕਟਰ ਇੰਦਰਜੀਤ ਸਿੰਘ ਵਾਇਸ ਚਾਂਸਲਰ ਗੁਰੂ ਕਾਸ਼ੀ ਯੂਨੀਵਰਸਟੀ ਤਲਵੰਡੀ ਸਾਬੋ,ਵਿਸ਼ੇਸ਼ ਮਹਿਮਾਨ ਡਾਕਟਰ ਪਿਯੂਸ਼ ਵਰਮਾ ਤੇ ਡਾਕਟਰ ਜੋਗਾ ਸਿੰਘ ਵਿਰਕ ਹੋਣਗੇ ਪ੍ਰੋਗਰਾਮ ਦੀ ਪ੍ਰਧਾਨਗੀ ਡਾਕਟਰ ਦਲਬੀਰ ਸਿੰਘ ਕਥੂਰੀਆ ਕਰਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

15ਜਨਵਰੀ ਨੂੰ ਹੀ ਸ਼ਾਮ ,5:00ਵਜੇ ਤੋਂ 7:00 ਵਜੇ ਤੱਕ ਐਡੀਟੋਰੀਅਮ ਹਾਲ ਆਦੇਸ਼ ਮੈਡੀਕਲ ਯੂਨੀਵਰਸਟੀ ਵਿਖੇ ਨਾਟਕ "ਭਾਸ਼ਾ ਵਹਿੰਦਾ ਦਰਿਆ "ਦਾ ਮੰਚਨ ਤੇ ਸਭਿਆਚਾਰਕ ਪ੍ਰੋਗਰਾਮ ਡਾਕਟਰ ਐਸ ਐਸ ਗਿੱਲ ਚਾਂਸਲਰ ਆਦੇਸ਼ ਮੈਡੀਕਲ ਯੂਨੀਵਰਸਟੀ ਦੀ ਪ੍ਰਧਾਨਗੀ ਹੇਠ ਹੋਵੇਗਾ। ਇਸ ਮੌਕੇ ਡਾਕਟਰ ਦਲਬੀਰ ਸਿੰਘ ਕਥੂਰੀਆ ਅਤੇ ਡਾਕਟਰ ਜੋਗਾ ਵਿਰਕ ਵਿਸ਼ਵ ਪੰਜਾਬੀ ਸਭਾ ਵੱਲੋਂ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ। ਇਸ ਪ੍ਰੋਗਰਾਮ ਦੀ ਸਵਾਗਤੀ ਟੀਮ ਵਿਚ ਸਭਾ ਦੇ ਰਾਸ਼ਟਰੀ ਪ੍ਰਧਾਨ ਬਲਬੀਰ ਕੌਰ ਰਾਏਕੋਟੀ,ਡਾਕਟਰ ਕੁਲਵੰਤ ਸਿੰਘ ਡਿਪਟੀ ਰਜਿਸਟਰਾਰ ਆਦੇਸ਼ ਮੈਡੀਕਲ ਯੂਨੀਵਰਸਟੀ, ਸਭਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਜੀਤ ਅਤੇ ਸੀਨੀਅਰ ਮੀਤ ਪ੍ਰਧਾਨ ਦਵੀ ਸਿੱਧੂ ਸਮੇਤ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਬਠਿੰਡਾ ਇਕਾਈ ਦੇ ਸਮੂਹ ਮੈਂਬਰਾਨ ਸ਼ਾਮਲ ਰਹਿਣਗੇ। ਇਹ ਜਾਣਕਾਰੀ ਸਭਾ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਬੰਗੀ ਹੁਰਾਂ ਨੇ ਦਿੱਤੀ।

**-ਅਮਰਜੀਤ ਸਿੰਘ ਜੀਤ**, 9417287122

## ਭਾਈ ਰਣਧੀਰ ਸਿੰਘ ਜੀ ਕਿੱਲਾ ਹਕੀਮਾ ਸੰਗਰੂਰ ਵਾਲਿਆਂ ਦੇ ਗ੍ਰਹਿ ਵਿਖੇ

# ਬਾਬਾ ਸੱਜਣ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਸਿੰਘਾਂ ਸਮੇਤ ਪਹੁੰਚੇ





**(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)**-ਇੰਟਰਨੈਸ਼ਨਲ ਪੰਥਕ ਦਲ ਤੇ ਜ਼ਿਲਾ ਪ੍ਰਧਾਨ ਸੰਗਰੂਰ ਅਤੀ ਸਤਿਕਾਰਯੋਗ ਭਾਈ ਰਣਧੀਰ ਸਿੰਘ ਜੀ ਕਿਲਾ ਹਕੀਮਾਂ ਵਾਲਿਆਂ ਦੇ ਗ੍ਰਹਿ ਵਿਖੇ ਜਥੇਬੰਦੀ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਸਪੁੱਤਰ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲੇ ਸਿੰਘਾਂ ਸਮੇਤ ਪਟਿਆਲੇ ਜਾਂਦਿਆਂ ਰੁਕੇ ਕੁਝ ਪਲ ਗੁਰੂ ਸਾਹਿਬ ਜੀ ਨੂੰ ਯਾਦ ਕਰਕੇ ਵਾਹਿਗੁਰੂ ਗੁਰਮੰਤਰ ਦੇ ਜਾਪ ਕੀਤੇ ਅਤੇ ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਬਾਰੇ ਕੁਝ ਵਿਚਾਰਾਂ ਸਾਂਝੀਆਂ ਕੀਤੀਆਂ। ਗ੍ਰਹਿ ਵਿਖੇ ਪਹੁੰਚਣ ਤੇ ਭਾਈ ਰਣਧੀਰ ਸਿੰਘ ਜੀ ਵੱਲੋਂ ਬਾਬਾ ਸੱਜਣ ਸਿੰਘ ਜੀ ਦਾ ਸਨਮਾਨ ਕੀਤਾ ਅਤੇ ਗ੍ਰਹਿ ਵਿਖੇ ਪਹੁੰਚਣ ਤੇ ਜੀ ਆਇਆ ਕਿਹਾ।ਇਸ ਮੌਕੇ ਭਾਈ ਤੇਜਿੰਦਰ ਸਿੰਘ ਜੀ ਕਿਲਾ ਹਕੀਮਾਂ ਜ਼ਿਲ੍ਹਾ ਪ੍ਰਧਾਨ ਸੰਗਰੂਰ ਕਿਸਾਨ ਵਿੰਗ, ਸ੍ਰ ਰਾਜਪਾਲ ਸਿੰਘ ਜੀ ਬਲਾਕ ਪ੍ਰਧਾਨ, ਸ੍ਰ ਅਵਤਾਰ ਸਿੰਘ , ਸ੍ਰ ਹਰਮਿੰਦਰ ਸਿੰਘ, ਸ੍ਰ ਸੁਖਵਿੰਦਰ ਸਿੰਘ ਖੇਮਕਰਨ, ਸ੍ਰ ਗੁਰਬਖਸ਼ ਸਿੰਘ ਸਪੁੱਤਰ ਬਾਬਾ ਸੱਜਣ ਸਿੰਘ ਜੀ, ਸ੍ਰ ਸਵਰਨ ਸਿੰਘ ਤੰਬੂਵਾਲਾ, ਸ੍ਰ ਸੁਰਜੀਤ ਸਿੰਘ, ਸ੍ਰ ਹਰਪਾਲ ਸਿੰਘ, ਸ੍ਰ ਪ੍ਰਭਜੋਤ ਸਿੰਘ, ਸ੍ਰ ਜਸਦੀਪ ਸਿੰਘ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਛੋਟੇ ਸਾਹਿਬਜਾਦਿਆਂ ਦੇ ਸ਼ਹੀਦੇ ਦਿਹਾੜਿਆਂ ਵਿਚ ਬਾਲ ਦਿਵਸ ਦੀ ਆੜ ਵਿਚ

# ਵੱਡੇ ਪੱਧਰ ਤੇ ਰਚੇ ਗਏ ਸਾਹਿਬਜਾਦਿਆਂ ਅਤੇ ਦਸਮ ਪਾਤਸ਼ਾਹ ਦੇ ਸਵਾਂਗ: ਰਮਨਦੀਪ ਸਿੰਘ ਸੋਨੂੰ




**ਨਵੀਂ ਦਿੱਲੀ 12 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):** ਦਿੱਲੀ ਗੁਰਦੁਆਰਾ ਕਮੇਟੀ ਦੇ ਇਕ ਸਾਬਕਾ ਪ੍ਰਧਾਨ ਜੋ ਕਿ ਹੁਣ ਭਾਜਪਾਈ ਬਣ ਚੋਣ ਲੜ ਰਹੇ ਹਨ ਅਤੇ ਕਾਬਿਜ ਮੌਜੂਦਾ ਕਮੇਟੀ ਮੈਂਬਰਾਂ ਵਲੋਂ ਪੰਥ ਦੀ ਰਾਹ ਵਿਚ ਬੋਏ ਕੌੜਵੇ ਬੀਜ ਹੁਣ ਨਾਸੂਰ ਬਣ ਕੇ ਪੰਥਕ ਰਹਿਤ ਮਰਿਆਦਾ ਦਾ ਵੱਡਾ ਘਾਣ ਕਰ ਰਹੇ ਹਨ । ਯੂਥ ਅਕਾਲੀ ਦਲ ਦੇ ਦਿੱਲੀ ਇਕਾਈ ਦੇ ਪ੍ਰਧਾਨ ਰਮਨਦੀਪ ਸਿੰਘ ਸੋਨੂੰ ਨੇ ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਰਾਹੀਂ ਕਿਹਾ ਕਿ ਛੋਟੇ ਸਾਹਿਬਜਾਦੇ ਜਿਨ੍ਹਾਂ ਨੂੰ ਮਾਤਾ ਗੁਜਰੀ ਜੀ ਨੇ ਜਬਰ ਅੱਗੇ ਨਾ ਝੁਕਣ ਅਤੇ ਜਾਲਮ ਨਾਲ ਟਾਕਰਾ ਲੈਣ ਦੀ ਸਿਕਸ਼ਾ ਦੇ ਕੇ "ਨਿਸ਼ਚੇ ਕਰ ਆਪਨੀ ਜੀਤ ਕਰੋ" ਦੇ ਜਜਬੇਆਂ ਨਾਲ ਰੰਗ ਦਿੱਤਾ ਸੀ ਅਤੇ ਵੱਡੇ ਸਾਹਿਬਜਾਦਿਆਂ ਨੂੰ ਦਸਮ ਪਾਤਸ਼ਾਹ ਨੇ ਆਪ ਜਾਲਮਾਂ ਨਾਲ ਲੜਨ ਦੀ ਗੁੜਤੀ ਦਿੱਤੀ ਸੀ । ਉਨ੍ਹਾਂ ਦੀ ਯਾਦ ਵਿਚ ਇੰਨ੍ਹਾ ਲੋਕਾਂ ਨੇ ਜੋ ਬਾਲ ਦਿਵਸ ਦੀ ਕਵਾਇਦ ਸ਼ੁਰੂ ਕਰਵਾਈ ਓਸ ਦੇ ਨਤੀਜੇ ਵਜੋਂ ਦੇਸ਼ ਦੇ ਵੱਖ ਵੱਖ ਰਾਜਾਂ ਅੰਦਰ ਸਾਹਿਬਜਾਦਿਆਂ ਅਤੇ ਦਸਮ ਪਾਤਸ਼ਾਹ ਦੇ ਸਵਾਂਗ ਰਚੇ ਜਾਣ ਦੀਆਂ ਬਹੁਤ ਖਬਰਾਂ ਦੇਖਣ ਪੜਨ ਅਤੇ ਸੁਣਨ ਨੂੰ ਮਿਲੀਆਂ ਹਨ । ਇੰਨ੍ਹਾ ਬਾਰੇ ਪੜ ਸੁਣ ਕੇ ਸਿੱਖ ਹਿਰਦਿਆਂ ਨੂੰ ਵਡੀ ਠੇਸ ਪੁਜੀ ਹੈ ਕਿਉਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਗੁਰੂ ਸਾਹਿਬਾਨ ਅਤੇ ਸਾਹਿਬਜਾਦਿਆਂ ਦਾ ਕੋਈ ਵੀਂ ਸਵਾਂਗ ਨਹੀਂ ਰਚ ਸਕਦਾ ਹੈ । ਸਿੱਖ ਪੰਥ ਦੇ ਹਾਜਰਾ ਹਜੂਰ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਸਮੇਂ ਪੰਥ ਦੀ ਅਗਵਾਈ ਕਰ ਰਹੇ ਹਨ । ਜਦੋ ਸਾਹਿਬਜਾਦਿਆਂ ਦੇ ਸ਼ਹੀਦੀ ਦਿਹਾੜਿਆਂ ਦਾ ਨਾਮ ਬਦਲ ਕੇ ਬਾਲ ਦਿਵਸ ਕੀਤਾ ਗਿਆ ਸੀ ਅਸੀਂ ਤਦ ਵੀਂ ਵਿਰੋਧ ਕੀਤਾ ਸੀ ਤੇ ਹੁਣ ਵੀਂ ਆਪਣਾ ਫਰਜ਼ ਸਮਝਦੇ ਹੋਏ ਜੱਥੇਦਾਰ ਅਕਾਲ ਤਖਤ ਜੀ ਨੂੰ ਅਪੀਲ ਕਰਦੇ ਹਾਂ ਸਰਕਾਰ ਦੀ ਝੋਲੀ ਵਿਚ ਨਿਜ ਖਾਤਿਰ ਗਿਰਣ ਵਾਲੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਕਮੇਟੀ ਪ੍ਰਧਾਨ ਸਕੱਤਰ ਨੂੰ ਤੁਰੰਤ ਤਖਤ ਸਾਹਿਬ ਤੇ ਸੱਦ ਕੇ ਇਸ ਬਾਰੇ ਸੁਆਲ ਜੁਆਬ ਕਰਣ ਦੇ ਨਾਲ ਇੰਨ੍ਹਾ ਨੂੰ ਇਸ ਹੋ ਰਹੀ ਮਰਿਆਦਾ ਦੇ ਘਾਣ ਲਈ ਜੁਆਬਦੇਹ ਬਣਾਇਆ ਜਾਣਾ ਚਾਹੀਦਾ ਹੈ ਅਤੇ ਇੰਨ੍ਹਾ ਲੋਕਾਂ ਉਪਰ ਬਣਦੀ ਪੰਥਕ ਮਰਿਆਦਾ ਤਹਿਤ ਸਖ਼ਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ ।

### ਪੰਥਕ ਮਰਿਆਦਾ ਦੀਆਂ ਧਜੀਆਂ ਉਡਵਾਉਣ ਲਈ ਦਿੱਲੀ ਕਮੇਟੀ ਦੇ ਇਕ ਸਾਬਕਾ ਅਤੇ ਮੌਜੂਦਾ ਪ੍ਰਬੰਧਕਾਂ ਨੂੰ ਤਖਤ ਸਾਹਿਬ ਤੇ ਸਦਣ ਦੀ ਅਪੀਲ

ਇਸਦੇ ਨਾਲ ਹੀ ਇੰਨ੍ਹਾ ਦੀ ਸਰਪ੍ਰਸਤੀ ਹੇਠ ਚਲ ਰਹੇ ਕਮੇਟੀ ਦੇ ਸਕੂਲਾਂ ਦੇ ਸਟਾਫ ਦਾ ਬਕਾਇਆ ਨਾ ਦਿੱਤੇ ਜਾਣ ਕਰਕੇ ਇੰਨ੍ਹਾ ਵਲੋਂ ਕਮੇਟੀ ਦੀ ਕੁਝ ਜਾਇਦਾਦ ਕੁਰਕ ਕਰਣ ਲਈ ਅਦਾਲਤ ਨੂੰ ਕਿਹਾ ਹੈ ਜਦਕਿ ਇਹ ਕਮੇਟੀ ਦੇ ਸਮੂਹ ਮੈਂਬਰਾਂ ਨਾਲ ਇਸ ਮੁਦੇ ਤੇ ਮੀਟਿੰਗ ਕੀਤੇ ਬਿਨਾਂ ਮਨਮਰਜੀ ਨਹੀਂ ਕਰ ਸਕਦੇ ਹਨ ਤੇ ਨਾ ਹੀ ਗੁਰੂ ਘਰ ਦਾ ਸਰਮਾਇਆ ਖੁਰਦ ਬੁਰਦ ਕਰ ਸਕਦੇ ਹਨ । ਇੰਨ੍ਹਾ ਦੀ ਨਾਕਾਮੀਆਂ ਤਹਿਤ ਚੜੇ ਕਰਜੇ ਨੂੰ ਉਤਾਰਣ ਲਈ ਇੰਨ੍ਹਾ ਨੂੰ ਆਪਣੀ ਨਿੱਜੀ ਜਾਇਦਾਦ ਵੇਚਕੇ ਕਮੇਟੀ ਸਿਰ ਚੜ੍ਹ ਰਿਹਾ ਕਰਜਾ ਉਤਾਰਣਾ ਚਾਹੀਦਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

ਖਾਲਸਾ ਬਲੱਡ ਡੋਨੇਟ ਯੂਨਿਟੀ ਵਲੋਂ

# 16 ਫਰਵਰੀ ਨੂੰ ਲੱਗੇਗਾ ਵਿਸ਼ਾਲ ਖੂਨ ਦਾਨ ਕੈਂਪ



**ਅੰਮ੍ਰਿਤਸਰ, 12 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਖਾਲਸਾ ਬਲੱਡ ਡੋਨੇਟ ਯੂਨਿਟੀ ਰਜਿ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਮੀਟਿੰਗ ਪ੍ਰਧਾਨ ਜਗਪ੍ਰੀਤ ਸਿੰਘ ਧਾਮੀ ਦੀ ਅਗਵਾਈ ਹੇਠ ਮੁੱਖ ਦਫ਼ਤਰ ਵਿੱਖੇ ਹੋਈ ਇਸ ਮੀਟਿੰਗ ਵਿੱਚ ਸੁਸਾਇਟੀ ਦੇ ਸਮੂਹ ਅਹੁਦੇਦਾਰਾਂ,ਮੈਂਬਰ ਸਾਹਿਬਾਨਾਂ ਨੇ ਹਿੱਸਾ ਲਿਆ ਜਿਸ ਵਿੱਚ ਸੁਸਾਇਟੀ ਦੇ ਸਾਲਾਨਾ ਵਿਸ਼ਾਲ ਖੂਨ ਦਾਨ ਕੈਂਪ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਵਿਸ਼ਾਲ ਖੂਨ ਦਾਨ ਕੈਂਪ 16 ਫਰਵਰੀ ਦਿਨ ਐਤਵਾਰ ਨੂੰ ਗੁਰਦਆਰਾ ਤੂਤ ਸਾਹਿਬ ਸੁਲਤਾਨਵਿੰਡ ਰੋਡ ਵਿਖੇ ਲੱਗੇਗਾ ਆਪ ਸਭ ਨੂੰ ਅਪੀਲ ਕਰਦੇ ਹਾਂ ਕਿ ਆਪ ਸਭਨਾਂ ਨੇ ਰਲ ਮਿਲ ਕੇ ਇਸ ਖੂਨ ਦਾਨ ਕੈਂਪ ਨੂੰ ਸਫਲ ਬਣਾਉਣ ਵਿੱਚ ਸਾਡਾ ਸਹਿਯੋਗ ਦੇਣਾਂ ਜੀ ਇਸ ਮੌਕੇ ਹਰਜੋਤ ਸਿੰਘ ਖਾਲਸਾ, ਡਾ ਸਰਬਜੋਤ ਸਿੰਘ ਭੁੱਲਰ ਅਤੇ ਹੋਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਦਾ ਤਿਉਹਾਰ - ਲੋਹੜੀ

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਲੋਹੜੀ ਸ਼ਬਦ ਦਾ ਮੂਲ ਤਿਲ ਰੋੜੀ ਹੈ, ਜਿਸ ਤੋਂ ਤਿਲੋੜੀ ਹੋਇਆ ਅਤੇ ਇਸ ਦਾ ਰੂਪਾਂਤਰ ਲੋਹੜੀ ਹੈ। ਇਸ ਦਿਨ ਲੋਕ ਤਿਲ ਅਤੇ ਰਿਉੜੀ (ਗੁੜ) ਖਾਂਦੇ ਤੇ ਵੰਡਦੇ ਹਨ। ਇਹ ਤਿਉਹਾਰ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਅਤੇ ਪੋਹ ਦੇ ਮਹੀਨੇ ਦੀ ਪਿਛਲੀ ਰਾਤਰੀ ਨੂੰ ਹੁੰਦਾ ਹੈ। ਲੋਹੜੀ ਦਾ ਤਿਉਹਾਰ ਮਾਘ ਦੀ ਪੂਰਵ ਸੰਧਿਆ ਨੂੰ ਸਾਰੇ ਦੇਸ਼ ਅੰਦਰ ਥਾਂ-ਥਾਂ ਅੱਗ ਬਾਲ ਕੇ ਮਨਾਇਆ ਜਾਂਦਾ ਹੈ। ਪੁਰਾਤਨ ਸਮੇਂ ਤੋਂ ਮਨਾਏ ਜਾ ਰਹੇ ਇਸ ਤਿਉਹਾਰ ਬਾਰੇ ਖ਼ਿਆਲ ਕੀਤਾ ਜਾਂਦਾ ਹੈ ਕਿ ਇਸ ਦਾ ਸੰਬੰਧ ਵੀ ਮੌਸਮ ਨਾਲ ਹੈ। ਕੜਾਕੇ ਦੀ ਸਰਦੀ ਵਾਲੇ ਪੋਹ ਮਹੀਨੇ ਦੇ ਖ਼ਤਮ ਹੋਣ ਉਪਰੰਤ ਲੋਕ ਅੱਗਾਂ ਬਾਲ ਕੇ ਸਰਦੀ ਨੂੰ ਅਲਵਿਦਾ ਅਤੇ ਗ਼ਰਮੀ ਨੂੰ 'ਜੀ ਆਇਆਂ' ਕਹਿੰਦੇ ਸਨ ਪਰ ਪਿਛਲੇ ਕਈ ਸਾਲਾਂ ਤੋਂ ਕੜਾਕੇ ਦੀ ਸਰਦੀ ਲੋਹੜੀ ਵੇਲੇ ਹੁੰਦੀ ਹੈ ਤੇ ਲੋਕ ਠਰੂੰ-ਠਰੂੰ ਕਰਦੇ ਆਮ ਵੇਖੇ ਜਾਂਦੇ ਹਨ। ਲੋਹੜੀ ਵਾਲੇ ਦਿਨ ਤੋਂ ਕੁਝ ਦਿਨ ਪਹਿਲਾਂ ਹੀ ਭਰਾ ਆਪਣੀਆਂ ਭੈਣਾਂ ਦੇ ਸਹੁਰੇ ਘਰ ਉਹਨਾਂ ਨੂੰ ਤੋਹਫ਼ੇ ਦੇਣ ਜਾਂਦੇ ਹਨ। ਭਰਾ ਆਪਣੀਆਂ ਭੈਣਾਂ ਦੇ ਲਈ ਕੱਪੜੇ, ਲੱਡੂ, ਪਿੰਨੀਆਂ, ਮੂੰਗਫਲੀਆਂ, ਰੇਵੜੀਆਂ, ਗੱਚਕ ਤੇ ਮੇਵੇ ਆਦਿ ਲੈ ਕੇ ਜਾਂਦੇ ਹਨ। ਇਸ ਤਰ੍ਹਾਂ ਇਹ ਤਿਉਹਾਰ ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਹੋ ਨਿਬੜਿਆ ਹੈ। ਲੋਹੜੀ ਵਾਲੇ ਦਿਨ ਬਜ਼ਾਰਾਂ ਵਿੱਚ ਵੀ ਖ਼ੂਬ ਚਹਿਲ-ਪਹਿਲ ਹੁੰਦੀ ਹੈ। ਮੂੰਗਫਲੀਆਂ ਦੇ ਵੱਡੇ-ਵੱਡੇ ਢੇਰ, ਰਿਉੜੀਆਂ ਤੇ ਗੱਚਕਾਂ ਦੇ ਪੈਕਟ ਚਿਣ-ਚਿਣ ਕੇ ਰੱਖੇ ਜਾਂਦੇ ਹਨ। ਦਿਨੋਂ-ਦਿਨ ਮਹਿੰਗਾਈ ਵਧਣ ਨਾਲ ਮੂੰਗਫਲੀ, ਰਿਉੜੀਆਂ, ਗੱਚਕ ਦੇ ਰੇਟ (ਭਾਅ/ਕੀਮਤ) ਵੀ ਵੱਧ ਰਹੇ ਹਨ। ਅੱਜ ਬਜ਼ਾਰ ਵਿੱਚ ਮੂੰਗਫਲੀ 120 ਰੁਪਏ ਤੋਂ ਲੈ ਕੇ ਤੋਂ 200 ਰੁਪਏ ਕਿਲੋ ਤੱਕ ਵਿਕ ਰਹੀ ਹੈ। ਰਿਉੜੀਆਂ 180 ਤੋਂ 250 ਰੁਪਏ ਕਿਲੋ ਤੱਕ ਅਤੇ ਗੱਚਕ 1800 ਰੁਪਏ ਤੋਂ 400 ਰੁਪਏ ਕਿਲੋ ਤੱਕ ਹੈ। ਜਿਸ ਪਰਿਵਾਰ ਅੰਦਰ ਲੜਕਾ ਪੈਦਾ (ਜਨਮ ਲਿਆ) ਹੋਇਆ ਹੋਵੇ, ਉਸ ਘਰ ਵਿੱਚ ਲੜਕੇ ਦੀ ਪਹਿਲੀ ਲੋਹੜੀ ਮਨਾਈ ਜਾਂਦੀ ਹੈ। ਪਹਿਲਾ ਲੜਕਾ ਹੋਣ ਦੀ ਖ਼ੁਸ਼ੀ ਵਿੱਚ ਗਲੀ-ਗੁਆਂਢ ਤੇ ਰਿਸ਼ਤੇਦਾਰਾਂ ਵਿੱਚ ਵੀ ਲੋਹੜੀ ਵੰਡੀ ਜਾਂਦੀ ਹੈ। ਸ਼ਾਮ ਢਲਦੇ ਹੀ ਯਾਰ, ਦੋਸਤ ਤੇ ਰਿਸ਼ਤੇਦਾਰ ਵਿਹੜੇ ਵਿੱਚ ਇਕੱਠੇ ਹੋ ਕੇ ਨਵ-ਜੰਮੇ ਮੁੰਡੇ ਦੀ ਖ਼ੁਸ਼ੀ ਵਿੱਚ ਲੋਹੜੀ ਬੋਤਲਾਂ ਦੇ ਡੱਟ ਖੋਲ੍ਹ ਕੇ (ਸ਼ਰਾਬ ਪੀ ਕੇ) ਮਨਾਉਂਦੇ ਹਨ। ਇਸ ਦੇ ਉਲਟ ਜਿਸ ਘਰ ਵਿੱਚ ਧੀ ਨੇ ਜਨਮ ਲਿਆ ਹੋਵੇ, ਉਸ ਘਰ ਦੇ ਜੀਆਂ ਨੇ ਲੜਕੀ ਦੀ ਲੋਹੜੀ ਤਾਂ ਕੀ ਮਨਾਉਣੀ ਹੁੰਦੀ ਹੈ। ਉਹ ਤਾਂ ਇਸ ਤਰ੍ਹਾਂ ਫਿਰਦੇ ਹੁੰਦੇ ਹਨ ਜਿਵੇਂ ਕੋਈ ਬਹੁਤ ਵੱਡਾ ਦੁਖਾਂਤ ਵਾਪਰ ਗਿਆ ਹੋਵੇ। ਲੜਕੀ ਪ੍ਰਤੀ ਵਿਵਹਾਰ ਘਰ ਦਿਆਂ ਦਾ ਸਦਾ ਹੀ ਰੁੱਖਾ ਹੁੰਦਾ ਹੈ। ਲੋਹੜੀ ਦੀਆਂ ਖ਼ੁਸ਼ੀਆਂ ਲੜਕੇ ਜੰਮਣ 'ਤੇ ਹੀ ਮਨਾਈਆਂ ਜਾਂਦੀਆਂ ਹਨ। ਲੜਕੀ ਜੰਮਣ 'ਤੇ ਲੋਹੜੀ ਦੀਆਂ ਖ਼ੁਸ਼ੀਆਂ ਕੋਈ ਵਿਰਲਾ-ਵਿਰਲਾ ਹੀ ਘਰ ਮਨਾਉਂਦਾ ਹੈ। ਲੜਕੀ ਜੰਮਣ ਤੇ ਜਿੱਥੇ ਲੋਹੜੀ ਵੰਡੀ ਜਾਂਦੀ ਹੈ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ ਜਾਂ ਫਿਰ ਅਖ਼ਬਾਰਾਂ ਵਿੱਚ ਖ਼ਬਰਾਂ ਰਾਹੀਂ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਫਲਾਣੇ ਪਿੰਡ/ਸ਼ਹਿਰ ਵਿੱਚ ਫਲਾਣੇ ਘਰ ਲੜਕੀ ਦੇ ਜੰਮਣ ਤੇ ਖ਼ੂਬ ਖ਼ੁਸ਼ੀਆਂ ਮਨਾਈਆਂ ਗਈਆਂ, ਲੋਹੜੀ ਵੰਡੀ ਗਈ ਤੇ ਖ਼ੂਬ ਗਿੱਧਾ-ਭੰਗੜਾ ਪਾਇਆ ਗਿਆ। ਲੋਹੜੀ ਤੋਂ ਦੋ-ਤਿੰਨ ਦਿਨ ਪਹਿਲਾਂ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਵੀ ਵੱਖ-ਵੱਖ ਥਾਂਵਾਂ ਤੇ ਸਮਾਗਮ ਕਰਕੇ ਲੋਹੜੀ ਵੰਡੀ ਜਾਂਦੀ ਹੈ ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਲੜਕੀ ਪਰਾਇਆ ਧਨ ਨਹੀਂ ਹੈ, ਬਲਕਿ ਸਮਾਜ ਦਾ ਸਦਾ ਰਹਿਣ ਵਾਲਾ ਹਿੱਸਾ ਹੈ। ਔਰਤ ਬਿਨਾਂ ਮਰਦ ਹਮੇਸ਼ਾਂ ਅਧੂਰਾ ਸਮਝਿਆ ਜਾਂਦਾ ਹੈ। ਵੰਸ਼ ਨੂੰ ਅੱਗੇ ਵਧਾਉਣ ਵਿੱਚ ਔਰਤ ਦਾ ਬਹੁਤ ਵੱਡਾ ਯੋਗਦਾਨ ਹੈ। ਮੱਧ ਵਰਗ ਤੇ ਗ਼ਰੀਬ ਪਰਿਵਾਰਾਂ ਦੇ ਬੱਚੇ ਹੀ ਲੋਹੜੀ ਮੰਗਦੇ ਹਨ। ਵੱਡੇ ਘਰਾਂ, ਦੇ ਰੱਜੇ-ਪੁੱਜੇ ਲੋਹੜੀ ਮੰਗਦੇ ਕਦੇ ਨਹੀਂ ਵੇਖੇ ਗਏ। ਦੂਜਾ ਉਹ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹੁੰਦੇ ਹਨ। ਲੋਹੜੀ ਕਿਉਂ ਮੰਗੀ ਜਾਂਦੀ ਹੈ ਤੇ ਕਿਵੇਂ ਮੰਗੀ ਜਾਂਦੀ ਹੈ। ਇਹ ਤਾਂ ਉਹਨਾਂ ਦੇ ਮਾਂ-ਬਾਪ ਨੂੰ ਵੀ ਨਹੀਂ ਪਤਾ ਹੁੰਦਾ। ਹਾਂ, ਉਹਨਾਂ ਦੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਨੂੰ ਜ਼ਰੂਰ ਪਤਾ ਹੁੰਦਾ ਹੈ। ਲੋਹੜੀ ਦੇ ਤਿਉਹਾਰ ਤੋਂ 10-15 ਦਿਨ ਪਹਿਲਾਂ ਹੀ ਨਿੱਕੇ-ਨਿੱਕੇ ਬੱਚੇ ਤੇ ਬੱਚੀਆਂ ਘਰਾਂ ਵਿੱਚ ਜਾ ਕੇ ਦਰਵਾਜ਼ਿਆਂ ਤੇ ਲੱਗੀਆਂ ਘੰਟੀਆਂ ਵਜਾਉਂਦੇ ਤੇ ਦਰਵਾਜੇ ਖੜਕਾਉਂਦੇ ਹਨ। ਲੋਹੜੀ ਮੰਗਣ ਵਾਲੇ ਮੁੰਡੇ-ਕੁੜੀਆਂ ਦੀ ਉਮਰ 8 ਸਾਲ ਤੋਂ ਲੈ ਕੇ 16-17 ਸਾਲ ਤੱਕ ਦੀ ਹੁੰਦੀ ਹੈ ਪਰ ਵੱਡੇ ਸ਼ਹਿਰਾਂ ਵਿੱਚ ਤਾਂ ਛੋਟੇ-ਛੋਟੇ ਬੱਚੇ-ਬੱਚੀਆਂ ਹੀ ਲੋਹੜੀ ਮੰਗਦੇ ਦੇਖੇ ਹਨ। ਪਹਿਲਾਂ-ਪਹਿਲ ਤਾਂ 20-25 ਸਾਲ ਦੀਆਂ ਲੜਕੀਆਂ ਵੀ ਲੋਹੜੀ ਮੰਗਦੀਆਂ ਸਨ ਪਰ ਅੱਜ ਇਸ ਉਮਰ ਦੀਆਂ ਲੜਕੀਆਂ ਲੋਹੜੀ ਮੰਗਦੀਆਂ ਨਹੀਂ ਦੇਖੀਆਂ। ਛੋਟੇ-ਛੋਟੇ ਲੜਕੇ-ਲੜਕੀਆਂ ਜਿਸ ਘਰ ਵਿੱਚ ਲੋਹੜੀ ਮੰਗਣ ਲਈ ਪੁੱਜਦੇ ਹਨ। ਉੱਥੇ ਗੀਤ ਗਾਉਂਦੇ ਹਨ।



**ਪਾ ਨੀ ਮਾਏ ਪਾ, ਕਾਲੇ ਕੁੱਤੇ ਨੂੰ ਵੀ ਪਾ। ਕਾਲਾ ਕੁੱਤਾ ਦੇਵੇ ਵਧਾਈਆਂ,**
**ਤੇਰੀਆਂ ਜੀਣ ਮੱਝੀ ਗਾਈਆਂ। ਮੱਝੀ ਗਾਈਆਂ ਨੇ ਦਿੱਤਾ ਦੁੱਧ,**
**ਤੇਰੇ ਜੀਣ ਪੰਜੇ ਪੁੱਤ। ਪੰਜੇ ਪੁੱਤਾਂ ਦੀ ਕਮਾਈ,**
**ਡੋਲੀ ਘਰ ਛਣਕਦੀ ਆਈ। ਸਾਨੂੰ ਪਾ ਲੋਹੜੀ, ਤੇਰੀ ਜੀਵੇ ਜੋੜੀ।**

ਬੱਚਿਆਂ ਨੂੰ ਘਰ ਵਿੱਚ ਲੋਹੜੀ ਦੇ ਰੂਪ ਵਿੱਚ ਮੂੰਗਫਲੀਆਂ, ਰਿਉੜੀਆਂ, ਪਾਥੀਆਂ, ਲੱਕੜਾਂ, ਛਿਟੀਆਂ ਜਾਂ ਨਗਦ ਪੈਸੇ ਮਿਲ ਜਾਂਦੇ ਸਨ। ਇੱਥੇ ਮੈਂ ਇਹ ਜ਼ਿਕਰ ਜ਼ਰੂਰ ਕਰਾਂਗਾ ਕਿ ਅੱਜ ਤੋਂ 20-25 ਸਾਲ ਪਹਿਲਾਂ ਲੋਹੜੀ ਮੰਗਣ ਵਾਲੇ ਬੱਚਿਆਂ ਨੂੰ 10, 25 ਜਾਂ 50 ਪੈਸੇ ਦਿੱਤੇ ਜਾਂਦੇ ਸਨ। ਉਸ ਸਮੇਂ ਇਹ ਪੈਸੇ ਆਮ ਮਿਲਦੇ ਸਨ। ਇਹਨਾਂ ਪੈਸਿਆਂ ਨਾਲ ਹੀ ਬੱਚਿਆਂ ਨੂੰ ਕਾਫ਼ੀ ਚੀਜ਼ ਮਿਲ ਜਾਂਦੀ ਸੀ। ਅੱਜ ਇੱਕ ਤਾਂ ਮਹਿੰਗਾਈ ਬਹੁਤ ਹੈ, ਦੂਜਾ ਟੁੱਟੇ ਪੈਸੇ ਮਿਲਦੇ ਹੀ ਨਹੀਂ ਹਨ। ਇਸ ਲਈ ਲੋਹੜੀ ਮੰਗਣ ਵਾਲੇ ਬੱਚਿਆਂ ਨੂੰ ਇੱਕ, ਦੋ, ਪੰਜ ਜਾਂ 10 ਰੁਪਏ ਦਿੱਤੇ ਜਾਂਦੇ ਹਨ। ਜਦੋਂ ਉਹਨਾਂ ਨੂੰ ਰੁਪਏ ਮਿਲ ਜਾਂਦੇ ਹਨ ਤਾਂ ਉਸ ਘਰ ਦੀ ਉਸਤਤ ਸੰਬੰਧੀ ਬੱਚੇ ਕਹਿੰਦੇ ਹਨ।

**ਆਖੋ ਮੁੰਡਿਓ ਰੰਗਾ, ਇਹ ਘਰ ਚੰਗਾ।**

ਬੱਚਿਆਂ ਨੂੰ ਲੋਹੜੀ ਮੰਗਣ ਤੇ ਜੋ ਪੈਸੇ, ਰਿਉੜੀਆਂ, ਮੂੰਗਫਲੀਆਂ, ਮੱਕੀ ਦੇ ਦਾਣੇ, ਮਠਿਆਈ ਆਦਿ ਇਕੱਠੇ ਹੁੰਦੇ ਹਨ, ਉਹ ਹਰ ਰੋਜ਼ ਰਾਤ ਨੂੰ ਆਪਸ ਵਿੱਚ ਵੰਡ ਲੈਂਦੇ ਹਨ। ਮੈਨੂੰ ਯਾਦ ਹੈ ਕਿ ਸਾਡੇ ਵੇਲੇ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਸੀ। ਰਾਤ ਨੂੰ ਮੁਹੱਲੇ ਵਿੱਚ ਹੀ ਇੱਕ ਥਾਂ ਤੇ ਵੱਡਾ ਸਾਰਾ ਲੱਕੜਾਂ ਤੇ ਗੋਹੇ ਦੀਆਂ ਪਾਥੀਆਂ ਦਾ ਢੇਰ ਲਗਾਇਆ ਜਾਂਦਾ ਸੀ। ਬੱਚਿਆਂ ਵੱਲੋਂ 10-15 ਦਿਨ ਮੰਗੀਆਂ ਲੱਕੜਾਂ ਤੇ ਪਾਥੀਆਂ ਵੀ ਇਸ ਢੇਰ ਤੇ ਇਕੱਠੀਆਂ ਕਰ ਦਿੱਤੀਆਂ ਜਾਂਦੀਆਂ ਸਨ। ਬਹੁਤ ਵੱਡੇ ਸਾਰੇ ਢੇਰ ਨੂੰ ਰਾਤ 7-8 ਵਜੇ ਅੱਗ ਲਗਾ ਕੇ 12-1 ਵਜੇ ਤੱਕ ਲੋਹੜੀ ਸੇਕਦੇ। ਗੰਨੇ ਚੂਪਦੇ, ਮੂੰਗਫਲੀਆਂ, ਰਿਉੜੀਆਂ ਖਾਂਦੇ, ਨੱਚਦੇ-ਟੱਪਦੇ ਤੇ ਲੋਕ-ਗੀਤ ਸੁਣਾਉਦੇ ਹੁੰਦੇ ਸਨ। ਲੋਕ ਅੱਗ ਲਾਈ (ਬਾਲੀ/ਮਚਾਈ) ਹੋਈ ਲੋਹੜੀ ਵਿੱਚ ਤਿਲ, ਰਿਉੜੀਆਂ ਸੁੱਟਦੇ, ਮੱਥਾ ਟੇਕਦੇ, ਅਰਦਾਸਾਂ ਕਰਦੇ। ਮੂੰਗਫਲੀਆਂ ਦੇ ਛਿੱਲੜ ਤੇ ਗੰਨੇ ਨੂੰ ਚੂਪਣ ਉਪਰੰਤ ਉਸ ਦੇ ਫੂਲਕ ਭਾਵ ਜੂਠ ਮਚਾਈ ਹੋਈ ਲੋਹੜੀ ਵਿੱਚ ਨਹੀਂ ਸਨ ਸੁੱਟੇ ਜਾਂਦੇ। ਜਿਸ ਘਰ ਲੜਕਾ ਨਵ-ਜਨਮਿਆ ਹੁੰਦਾ, ਉਸ ਦੀ ਲੋਹੜੀ ਵੀ ਰਾਤ ਨੂੰ ਉੱਥੇ ਹੀ ਵੰਡੀ ਜਾਂਦੀ ਸੀ। ਜਿਸ ਘਰ ਨਵ-ਵਿਆਹਿਆ ਜੋੜਾ ਹੁੰਦਾ ਸੀ, ਉਸ ਦੀ ਵੀ ਲੋਹੜੀ ਦੀ ਰਾਤ ਸਾਰੇ ਹੀ ਇਹ ਅਰਦਾਸ ਕਰਦੇ ਸਨ ਕਿ ਪਰਮਾਤਮਾ ਇਸ (ਨਾਂ ਲੈ ਕੇ) ਦੇ ਘਰ ਪੁੱਤਰ ਦੇਵੇ ਤਾਂ ਇਹ ਅਗਲੀ ਲੋਹੜੀ ਤੇ ਚਰਖਾ ਸਾੜਨਗੇ। ਨਵ-ਵਿਆਹੇ ਜੋੜੇ ਦੀ ਲੋਹੜੀ ਅਤੇ ਕਿਸੇ ਘਰ 'ਚ ਪੁੱਤਰ ਹੋਣ 'ਤੇ ਲੋਹੜੀ ਤੇ ਚਰਖਾ ਸਾੜਨ ਦੀ ਰੀਤ ਬਹੁਤ ਪੁਰਾਣੀ ਹੈ ਪਰ ਅੱਜ ਨਾ ਘਰਾਂ ਵਿੱਚ ਚਰਖੇ ਨਜ਼ਰ ਆਉਂਦੇ ਹਨ ਤੇ ਨਾ ਹੀ ਲੋਹੜੀ ਤੇ ਸਾੜੇ ਜਾਂਦੇ ਹਨ। ਵੱਡੇ ਸ਼ਹਿਰਾਂ ਵਿੱਚ ਇਹਨਾਂ ਸਤਰਾਂ ਦੇ ਲੇਖਕ ਨੇ ਵੇਖਿਆ ਹੈ ਕਿ ਲੋਕ ਆਪਣੇ-ਆਪਣੇ ਘਰ ਵਿੱਚ ਹੀ ਲੋਹੜੀ ਦੀ ਰੀਤ ਕਰਨ ਲਈ ਬੱਠਲ ਵਿੱਚ ਕੁਝ ਲੱਕੜਾਂ ਜਾਂ ਪਾਥੀਆਂ ਪਾ ਕੇ ਅੱਗ ਲਗਾ ਕੇ ਲੋਹੜੀ ਸੇਕਦੇ ਹਨ, ਜਾਂ ਗਲੀ ਦੇ ਹੀ ਦੋ-ਚਾਰ ਘਰ ਇਕੱਠੇ ਬੈਠ ਕੇ ਲੋਹੜੀ ਸੇਕਦੇ ਹਨ। ਪਿੰਡਾਂ, ਛੋਟੇ ਸ਼ਹਿਰਾਂ ਵਾਂਗ ਮੁਹੱਲੇ ਦੇ ਇੱਕ ਚੌਰਸਤੇ ਵਿੱਚ ਵੱਡੇ ਘਰਾਂ ਵਾਲੇ ਤੇ ਉਹਨਾਂ ਦੇ ਬੱਚੇ-ਬੱਚੀਆਂ ਲੋਹੜੀ ਸੇਕਣਾ ਅਤੇ ਉੱਥੇ ਜਾਣਾ ਪਸੰਦ ਵੀ ਨਹੀਂ ਕਰਦੇ। ਵੱਡੇ ਘਰਾਂ ਦੇ ਕਾਕਿਆਂ ਦੀਆਂ ਰੀਸਾਂ ਕੋਈ ਨਹੀਂ ਕਰ ਸਕਦਾ। ਕਈ ਲੋਕ ਇਸ ਦਿਨ ਰਾਤ ਨੂੰ ਜੂਆ ਖੇਡ ਕੇ, ਸ਼ਰਾਬਾਂ ਪੀ ਕੇ ਮਨਾਉਂਦੇ ਹਨ। ਲੋਹੜੀ ਵਾਲੀ ਰਾਤ ਨੂੰ ਗੀਤਾਂ ਤੇ ਗਿੱਧੇ ਦਾ ਜਿੱਥੇ ਖ਼ੂਬ ਅਨੰਦ ਮਾਣਿਆ ਜਾਂਦਾ ਹੈ, ਉੱਥੇ ਪੁਰਾਣੇ ਰੀਤੀ ਰਿਵਾਜਾਂ ਨੂੰ ਜੋ ਸੇਧ ਦੇਣ ਵਾਲੇ ਨਾ ਹੋਣ, ਉਹਨਾਂ ਨੂੰ ਬਲਦੀ ਅੱਗ ਵਿੱਚ ਸਾੜ ਦਿੱਤਾ ਜਾਵੇ। ਲੋਹੜੀ ਦਾ ਤਿਉਹਾਰ ਪ੍ਰੇਮ, ਪਿਆਰ, ਖ਼ੁਸ਼ੀਆਂ ਦਾ ਸੁਨੇਹਾ ਦਿੰਦਾ ਹੋਇਆ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਆਓ ! ਸਾਰੇ ਰਲ-ਮਿਲ ਕੇ ਲੋਹੜੀ ਦਾ ਤਿਉਹਾਰ ਖ਼ੁਸ਼ੀਆਂ, ਚਾਵਾਂ ਤੇ ਮਲ੍ਹਾਰਾਂ ਨਾਲ ਮਨਾਈਏ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**

ਆਵਾਜ਼ਿ ਕੌਮ AWAZE QAUM International Newspaper & WEB TV